# ਅਲਬਰਟਾ ਵਿੱਚ ਤਿੰਨ ਵਾਰ ਐੱਮ ਐੱਲ ਏ ਰਹੇ ਰਾਜ ਪੰਨੂ ਨਾਲ ਉਨ੍ਹਾਂ ਦੇ ਜੀਵਨ ਅਤੇ ਸਿਆਸਤ ਬਾਰੇ ਗੱਲਬਾਤ




**ਸੁਖਵੰਤ ਹੁੰਦਲ**


14 ਜਨਵਰੀ, 2020

# ਅਲਬਰਟਾ ਵਿੱਚ ਤਿੰਨ ਵਾਰ ਐੱਮ ਐੱਲ ਏ ਰਹੇ ਰਾਜ ਪੰਨੂ ਨਾਲ ਉਨ੍ਹਾਂ ਦੇ ਜੀਵਨ ਅਤੇ ਸਿਆਸਤ ਬਾਰੇ ਗੱਲਬਾਤ

-ਸੁਖਵੰਤ ਹੁੰਦਲ-

*(ਰਾਜ ਪੰਨੂ ਸੰਨ 1997 ਵਿੱਚ ਪਹਿਲੀ ਵਾਰ ਐਨ ਡੀ ਪੀ ਵੱਲੋਂ ਐੱਮ ਐੱਲ ਏ ਦੀ ਚੋਣ ਜਿੱਤ ਕੇ ਅਲਬਰਟਾ ਦੀ ਸੂਬਾਈ ਸਿਆਸਤ ਵਿੱਚ ਦਾਖਲ ਹੋਏ। ਉਸ ਤੋਂ ਬਾਅਦ ਉਹ ਤਿੰਨ ਵਾਰ ਐੱਮ ਐੱਲ ਏ ਦੀ ਚੋਣ ਜਿੱਤੇ। ਸੰਨ 2000 ਤੋਂ 2004 ਤੱਕ ਉਹ ਅਲਬਰਟਾ ਦੀ ਐੱਨ ਡੀ ਪੀ ਦੇ ਸੂਬਾਈ ਲੀਡਰ ਰਹੇ। ਐੱਮ ਐੱਲ ਏ ਬਣਨ ਤੋਂ ਪਹਿਲਾਂ ਉਹ ਕਈ ਸਾਲ ਯੂਨੀਵਰਸਿਟੀ ਆਫ ਅਲਬਰਟਾ ਵਿੱਚ ਸੋਸ਼ਿਓਲੋਜੀ ਦੇ ਪ੍ਰੋਫੈਸਰ ਰਹੇ। ਉਨ੍ਹਾਂ ਨਾਲ ਕੀਤੀ ਇਹ ਇੰਟਰਵਿਊ ਉਨ੍ਹਾਂ ਵੱਲੋਂ ਪਹਿਲੀ ਵਾਰ ਇਲੈਕਸ਼ਨ ਜਿੱਤਣ ਤੋਂ ਕੁੱਝ ਸਮਾਂ ਬਾਅਦ 1 ਸਤੰਬਰ 1998 ਨੂੰ ਐਡਮੰਟਨ ਵਿੱਚ ਉਨ੍ਹਾਂ ਦੇ ਘਰ ਕੀਤੀ ਗਈ। -ਸੁਖਵੰਤ ਹੁੰਦਲ)*

ਸਵਾਲ: ਸਭ ਤੋਂ ਪਹਿਲਾਂ ਇਹ ਦੱਸੋ ਕਿ ਤੁਹਾਡਾ ਜਨਮ ਕੈਨੇਡਾ ਵਿੱਚ ਹੋਇਆ ਸੀ ਜਾਂ ਤੁਸੀਂ ਕੈਨੇਡਾ ਵਿੱਚ ਇਕ ਇੰਮੀਗਰੈਂਟ ਵਜੋਂ ਆਏ ਸੀ?

ਜਵਾਬ: ਨਹੀਂ ਜੀ, ਮੇਰਾ ਜਨਮ ਇੰਡੀਆ ਵਿੱਚ ਹੋਇਆ ਸੀ, ਇੰਡੀਆ ਦੇ ਉਸ ਹਿੱਸੇ ਵਿੱਚ ਜਿਹੜਾ 1947 ਤੋਂ ਬਾਅਦ ਪਾਕਿਸਤਾਨ ਦਾ ਹਿੱਸਾ ਬਣ ਗਿਆ। ਮੈਂ ਕੈਨੇਡਾ ਵਿੱਚ 1962 ਵਿੱਚ ਇਕ ਇੰਮੀਗਰੈਂਟ ਦੇ ਤੌਰ 'ਤੇ ਆਇਆ ਸੀ।

ਸਵਾਲ: ਅਤੇ ਉਸ ਵੇਲੇ ਤੁਹਾਡੀ ਉਮਰ ਕਿੰਨੀ ਸੀ?

ਜਵਾਬ: ਬਾਹਠ ਵਿੱਚ? ਮੇਰਾ ਖਿਆਲ ਹੈ ਕਿ ਉਸ ਸਮੇਂ ਮੈਂ 29 ਸਾਲਾਂ ਦਾ ਸੀ।

ਸਵਾਲ: ਇੰਡੀਆ ਵਿੱਚ ਆਪਣੇ ਪਿਛੋਕੜ ਬਾਰੇ ਦੱਸੋ। ਆਪਣੇ ਪਰਿਵਾਰ ਦੇ ਪਿਛੋਕੜ ਬਾਰੇ। ਉੱਥੇ ਤੁਸੀਂ ਕੀ ਕਰਦੇ ਸੀ?

ਜਵਾਬ: ਮੈਂ ਇਕ ਜ਼ਿਮੀਂਦਾਰ ਪਰਿਵਾਰ ਵਿੱਚੋਂ ਆਇਆ ਹਾਂ, ਘਰ ਵਿੱਚ ਆਰਥਿਕ ਪੱਖੋਂ ਸੌਖ ਸੀ। ਮੇਰਾ ਬਾਪ ਇਕ ਸਿਆਸੀ ਕਾਰਕੁੰਨ ਸੀ। ਆਪਣੀ ਸਾਰੀ ਉਮਰ ਉਹ ਸਿਆਸਤ ਵਿੱਚ ਸਰਗਰਮ ਰਿਹਾ। ਉਸ ਨੇ ਆਪਣਾ ਸਿਆਸੀ ਜੀਵਨ ਇਕ ਅਕਾਲੀ ਵਜੋਂ ਸ਼ੁਰੂ ਕੀਤਾ, ਮੇਰਾ ਖਿਆਲ ਹੈ 1920ਵਿਆਂ ਦੇ ਅਖੀਰ ਵਿੱਚ, ਜਦੋਂ ਅਕਾਲੀਆਂ ਵਿੱਚ ਬਹੁਤ ਹੀ ਦਿਲਚਸਪ ਅਗਾਂਹਵਧੂ, ਅਤੇ ਰੈਡੀਕਲ ਰੁਝਾਨ ਸੀ। ਉਸ ਸਮੇਂ ਇਹ ਛੋਟੇ ਕਿਸਾਨਾਂ ਦੀ ਮੁਕਤੀ ਲਈ ਵਚਨਬੱਧ ਸੀ। ਸੋ ਉਹਨੇ ਆਪਣੀ ਸ਼ੁਰੂਆਤ ਉੱਥੋਂ ਕੀਤੀ।

ਪਰ ਛੇਤੀਂ ਹੀ, 1932 ਦੇ ਕਰੀਬ, ਉਹ ਕਾਂਗਰਸ ਲਹਿਰ ਜਾਂ ਬਸਤੀਵਾਦ ਵਿਰੁੱਧ ਚੱਲਦੀ ਅਜ਼ਾਦੀ ਦੀ ਲਹਿਰ ਵਿੱਚ ਸ਼ਾਮਲ ਹੋ ਗਿਆ। ਪਰ 1935 ਦੀ ਇਲੈਕਸ਼ਨ ਤੋਂ ਬਾਅਦ, ਜਿਹੜੀ ਕਿ ਸਵੈ-ਰਾਜ (ਸੈਲਫ ਰੂਲ) ਅਧੀਨ ਪਹਿਲੀ ਇਲੈਕਸ਼ਨ ਸੀ, ਉਹ ਕਾਂਗਰਸ ਦੇ ਮਨਿਸਟਰਾਂ ਅਤੇ ਕਾਂਗਰਸ ਵਲੋਂ ਲੜਨ ਵਾਲੇ ਲੋਕਾਂ ਦੇ ਰਿਕਾਰਡ ਤੋਂ ਨਿਰਾਸ਼ ਹੋ ਗਿਆ, ਅਤੇ ਉਸ ਨੇ ਛੇਤੀ ਹੀ ਆਪਣੇ ਆਪ ਨੂੰ ਕਾਂਗਰਸ ਦੇ ਉਸ ਵੇਲੇ ਦੇ ਖੱਬੇ ਧੜੇ ਨਾਲ ਜੋੜ ਲਿਆ, ਜਿਹੜਾ ਧੜਾ ਬਾਅਦ ਵਿੱਚ ਇੰਡੀਆ ਦੀ ਕਮਿਊਨਿਸਟ ਪਾਰਟੀ ਬਣਿਆ।

ਸਵਾਲ: ਜਦੋਂ ਤੁਸੀਂ ਇੰਡੀਆ ਵਾਲੇ ਪਾਸੇ ਆ ਗਏ, ਕੀ ਉਨ੍ਹਾਂ ਨੇ ਆਪਣੀਆਂ ਸਿਆਸੀ ਸਰਗਰਮੀਆਂ ਜਾਰੀ ਰੱਖੀਆਂ?

ਜਵਾਬ: ਹਾਂ। ਅਸਲ ਵਿੱਚ ਵੰਡ ਦੇ ਦੌਰਾਨ, ਸੀ ਪੀ ਆਈ (ਕਮਿਊਨਿਸਟ ਪਾਰਟੀ ਆਫ ਇੰਡੀਆ) ਦੇ ਬਹੁਤ ਸਾਰੇ ਲੋਕਾਂ ਵਾਂਗ, ਉਸ ਨੇ ਵੀ ਪਾਕਿਸਤਾਨ ਦੇ ਬਣਨ ਦੇ ਹੱਕ ਵਿੱਚ ਸਟੈਂਡ ਲਿਆ। ਇਸ ਧਾਰਨਾ ਦੇ ਅਧੀਨ ਕਿ ਸਾਰੇ ਲੋਕਾਂ ਨੂੰ ਸਵੈ-ਰਾਜ (ਸੈਲਫ ਰੂਲ) ਦਾ ਹੱਕ ਹੈ। ਪਰ ਦੰਗਿਆਂ ਦੌਰਾਨ ਉਹ ਕਮਿਊਨਿਸਟ ਪਾਰਟੀ ਦੇ ਉਨ੍ਹਾਂ ਵਾਲੰਟੀਅਰਾਂ ਦਾ ਹਿੱਸਾ ਸੀ ਜਿਹੜੇ ਅੰਮ੍ਰਿਤਸਰ ਵਿੱਚ ਭਾਰਤੀ ਲੋਕਾਂ ਦੀ ਮਦਦ ਕਰ ਰਹੇ ਸਨ। ਉਹ ਬਾਕੀ ਪਰਿਵਾਰ ਤੋਂ ਤਿੰਨ ਮਹੀਨੇ ਪਹਿਲਾਂ, ਪਾਕਿਸਤਾਨ ਵਿੱਚ ਆਉਣ ਵਾਲੇ ਹਿੱਸੇ ਨੂੰ ਛੱਡ ਕੇ ਇੰਡੀਆ ਆ ਗਿਆ ਸੀ ਅਤੇ ਫਿਰ ਉਹ ਏਧਰ ਆ ਕੇ ਫਸ ਗਿਆ। ਉਹ ਇੱਥੇ ਕਿਸੇ ਆਵਾਜਾਈ ਦੇ ਸਾਧਨ ਦਾ ਪ੍ਰਬੰਧ ਕਰਨ ਆਇਆ ਸੀ ਜਿਸ 'ਤੇ ਉਹ ਬਾਕੀ ਦੇ ਪਰਿਵਾਰ ਨੂੰ ਏਧਰ ਲਿਆ ਸਕੇ। ਪਰ ਜਦੋਂ ਹੀ ਉਹ ਪਰਿਵਾਰ ਦੇ ਕੁਝ ਮੈਂਬਰਾਂ ਦੇ ਨਾਲ ਏਧਰ ਆਇਆ ਤਾਂ ਦੰਗੇ ਹੋਰ ਤੇਜ਼ ਹੋ ਗਏ, ਅਤੇ ਉਹ ਅੰਮ੍ਰਿਤਸਰ ਵਿੱਚ ਫਸ ਗਿਆ। ਉੱਥੇ ਉਹ ਅੰਮ੍ਰਿਤਸਰ ਰੇਲਵੇ ਸਟੇਸ਼ਨ 'ਤੇ ਵਾਲੰਟੀਅਰਾਂ ਨਾਲ ਕੰਮ ਕਰਨ ਲੱਗਾ ਜਿਹੜੇ ਜ਼ਖਮੀਆਂ, ਵੱਢਿਆਂ-ਟੁੱਕਿਆਂ ਅਤੇ ਮਾਰੇ ਜਾ

ਚੁੱਕੇ ਲੋਕਾਂ ਨਾਲ ਕੰਮ ਕਰ ਰਹੇ ਸਨ, ਇਸ ਗੱਲ ਦਾ ਫਰਕ ਕੀਤੇ ਬਗੈਰ ਕਿ ਉਹ ਲੋਕ ਕੌਣ ਸਨ। ਇਸ ਕੇਸ ਵਿੱਚ ਉਨ੍ਹਾਂ ਵਿੱਚੋਂ ਬਹੁਤੇ ਮੁਸਲਮਾਨ ਸਨ।

1947 ਵਿੱਚ ਅਕਤੂਬਰ ਦੇ ਅਖੀਰ 'ਤੇ ਕਮਿਊਨਿਸਟ ਪਾਰਟੀ ਵਿੱਚ ਆਈ ਦੁਫਾੜ ਵਿੱਚ ਉਹ ਤੇਜਾ ਸਿੰਘ ਸੁਤੰਤਰ ਅਤੇ ਦੂਸਰਿਆਂ ਦੇ ਨਾਲ ਲਾਲ ਕਮਿਊਨਿਸਟ ਪਾਰਟੀ ਵਿੱਚ ਚਲੇ ਗਿਆ। ਇਨ੍ਹਾਂ ਸਾਲਾਂ ਵਿੱਚ ਉਹ ਕਾਫੀ ਜ਼ਿਆਦਾ ਸਰਗਰਮ ਰਿਹਾ। ਮੈਂ 1947 ਵਿੱਚ ਵੰਡ ਤੋਂ ਪਹਿਲਾਂ ਦੇ ਭਾਰਤ ਵਿੱਚ ਹਾਈ ਸਕੂਲ ਜਾਣਾ ਸ਼ੁਰੂ ਕੀਤਾ ਸੀ। ਬਾਰਡਰ ਪਾਰ ਕਰਕੇ ਨਵੇਂ ਭਾਰਤ ਵਿੱਚ ਆ ਕੇ ਮੈਂ ਇਕ ਸਾਲ ਸਕੂਲ ਨਾ ਗਿਆ। ਪਰ ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਸਾਡਾ ਘਰ ਸਿਆਸੀ ਸਰਗਰਮੀਆਂ ਦਾ ਗੜ੍ਹ ਹੁੰਦਾ ਸੀ। ਰੈਡੀਕਲ ਵਿਚਾਰ ਰੱਖਣ ਵਾਲੇ ਲੋਕ ਸਾਡੇ ਘਰ ਆਉਂਦੇ ਸਨ। ਪਰ ਸਾਡੇ ਕੋਲ ਉਨ੍ਹਾਂ ਨੂੰ ਦੇਣ ਲਈ ਕੁਝ ਨਹੀਂ ਸੀ ਹੁੰਦਾ ਕਿਉਂਕਿ ਉਸ ਸਮੇਂ ਸਾਡਾ ਪਰਿਵਾਰ ਗੰਭੀਰ ਆਰਥਿਕ ਸੰਕਟ ਵਿੱਚੋਂ ਦੀ ਗੁਜ਼ਰ ਰਿਹਾ ਸੀ। ਘਰ ਵਿੱਚ ਕੁਝ ਵੀ ਨਹੀਂ ਸੀ। ਇਹ ਬਹੁਤ ਮੁਸ਼ਕਿਲ ਭਰੇ ਦਿਨ ਸਨ।

ਪਰ ਮੈਂ ਸ਼ਾਇਦ ਪਹਿਲੀ ਵਾਰ ਰੈਡੀਕਲ ਸਿਆਸਤ ਨੂੰ ਨੇੜਿਓਂ ਵਾਚਣ ਲੱਗਾ ਸੀ, ਮੈਂ ਬੈਠਾ ਬੈਠਾ ਆਪਣੇ ਬਾਪ ਅਤੇ ਉਸ ਦੇ ਕਾਮਰੇਡਾਂ ਨੂੰ ਵੱਖ ਵੱਖ ਤਰ੍ਹਾਂ ਦੇ ਮੁੱਦਿਆਂ ਬਾਰੇ ਗੱਲਬਾਤ ਕਰਦੇ ਦੇਖਦਾ। ਮੈਂ ਇਕ ਸਾਲ ਘਰ ਹੀ ਰਿਹਾ, ਸਕੂਲ ਨਹੀਂ ਗਿਆ। ਅਗਲੇ ਸਾਲ 1948-49 ਵਿੱਚ ਮੈਂ ਬਾਬਾ ਬਕਾਲਾ ਦੇ ਹਾਈ ਸਕੂਲ ਵਿੱਚ ਦਾਖਲ ਹੋ ਗਿਆ ਅਤੇ ਬਹੁਤ ਛੇਤੀ ਹੀਂ ਵਿਦਿਆਰਥੀ ਸਿਆਸਤ ਵਿੱਚ ਹਿੱਸਾ ਲੈਣ ਲੱਗਾ। ਦਰਅਸਲ ਮੇਰੇ ਖਿਆਲ ਵਿੱਚ ਅਸੀਂ 1949 ਦੇ ਸਿਆਲ ਵਿੱਚ ਹਾਈ ਸਕੂਲ ਵਿੱਚ ਹੜਤਾਲ ਕੀਤੀ ਸੀ। ਉਸ ਇਲਾਕੇ ਵਿੱਚ ਇਹ ਇਕ ਹੀ ਹਾਈ ਸਕੂਲ ਸੀ। ਉਨ੍ਹਾਂ ਸਮਿਆਂ ਵਿੱਚ ਬਹੁਤ ਘੱਟ ਹਾਈ ਸਕੂਲ ਹੁੰਦੇ ਸਨ। ਇਹ ਇਕ ਬਹੁਤ ਵੱਡਾ ਹਾਈ ਸਕੂਲ ਸੀ, ਪੜ੍ਹਾਈ ਅਤੇ ਖੇਡਾਂ ਵਿੱਚ ਇਕ ਚੰਗਾਂ ਨਾਂ ਰੱਖਣ ਵਾਲਾ ਹਾਈ ਸਕੂਲ, ਪਰ ਇਸ 'ਤੇ ਕਾਂਗਰਸ ਨਾਲ ਜੁੜੇ ਲੋਕਾਂ ਦਾ ਕੰਟਰੋਲ ਸੀ। ਉਹ ਮੈਨੇਜਿੰਗ ਕਮੇਟੀ 'ਤੇ ਸਨ ਅਤੇ ਉਹ ਬਹੁਤ ਜ਼ਿਆਦਾ ਰੂੜੀਵਾਦੀ ਅਤੇ ਪ੍ਰਤੀਗਾਮੀ ਲੋਕ ਸਨ ਅਤੇ ਉਹ ਇਸ ਗੱਲ ਦੀ ਕਦੇ ਕਲਪਨਾ ਵੀ ਨਹੀਂ ਕਰ ਸਕਦੇ ਸੀ ਕਿ ਵਿਦਿਆਰਥੀ ਕੋਈ ਮੰਗਾਂ ਵੀ ਮੰਗ ਸਕਦੇ ਸਨ।

ਪਰ ਉਸ ਵੇਲੇ ਟਿਊਸ਼ਨ ਫੀਸਾਂ ਵਧਾਉਣ ਲਈ ਦਬਾਅ ਸੀ। ਸੂਬਾਈ ਸਰਕਾਰ ਦੀਆਂ ਨੀਤੀਆਂ ਅਨੁਸਾਰ ਸਕੂਲਾਂ ਲਈ ਪੈਸੇ - ਜਨਤਾ ਦੇ ਪੈਸੇ- ਮੌਜੂਦ ਸਨ। ਸੋ ਟਿਊਸ਼ਨਾਂ ਵਿੱਚ ਵਾਧਾ ਕਰ ਦਿੱਤਾ ਗਿਆ ਅਤੇ ਹੜਤਾਲ ਟਿਊਸ਼ਨਾਂ ਵਿੱਚ ਹੋਏ ਵਾਧੇ ਦੇ ਖ਼ਿਲਾਫ ਸੀ। ਹੜਤਾਲ ਦੌਰਾਨ ਅਤੇ ਹੜਤਾਲ ਤੱਕ ਪਹੁੰਚਦਿਆਂ ਪਹੁੰਚਦਿਆਂ ਮੈਂ ਕਈ ਨੌਜਵਾਨ ਕਮਿਊਨਿਸਟ ਕਾਰਕੁਨਾਂ ਦੇ ਸੰਪਰਕ ਵਿੱਚ ਆ ਚੁੱਕਾ ਸੀ ਜਿਹੜੇ ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਵਿਦਿਆਰਥੀ ਲੀਡਰ ਸਨ ਅਤੇ ਉਹ ਸਾਰੇ ਬਹੁਤ ਪ੍ਰਭਾਵਸ਼ਾਲੀ, ਹੁਸ਼ਿਆਰ, ਉੱਘੇ, ਸਮਰਪਤ ਨੌਜਵਾਨ ਰੈਡੀਕਲ ਸਨ। ਉਹ ਅਚਾਨਕ ਮੇਰੇ ਇਸ ਨਜ਼ਰੀਏ ਨੂੰ ਪ੍ਰਭਾਵਿਤ ਕਰਨ ਲੱਗ ਪਏ ਕਿ ਕੀ ਹੋਣਾ ਚਾਹੀਦਾ ਹੈ।

ਸੱਚੀ ਗੱਲ ਇਹ ਸੀ ਕਿ ਲੁਕਵੇਂ ਰੂਪ ਵਿੱਚ ਜਿਹੜਾ ਕਮਿਊਨਿਸਟ ਲੀਡਰ ਇਸ ਸਭ ਕਾਸੇ ਦੇ ਪਿੱਛੇ ਕੰਮ ਕਰ ਰਿਹਾ ਸੀ, ਉਹ ਸੀ ਦਲੀਪ ਸਿੰਘ ਟਪਿਆਲਾ। ਉਹ ਅੰਡਰਗਰਾਊਂਡ ਸੀ ਅਤੇ ਉਸ ਦੀ ਗ੍ਰਿਫਤਾਰੀ ਲਈ ਵਾਰੰਟ ਨਿਕਲੇ ਹੋਏ ਸਨ। ਇਸ ਹੜਤਾਲ ਤੋਂ ਪਹਿਲਾਂ ਮੈਂ ਉਸ ਨੂੰ ਕੁਝ ਕੁ ਵਾਰ ਮਿਲ ਚੁੱਕਾ ਸੀ ਅਤੇ ਇਸ ਸਭ ਕਾਸੇ ਨਾਲ ਮੇਰਾ ਅਤੇ ਕੁਝ ਹੋਰ ਲੋਕਾਂ ਦਾ ਇਕ ਮਜ਼ਬੂਤ ਇਕਮੁੱਠ ਗਰੁੱਪ ਬਣ ਗਿਆ ਸੀ। ਭਾਵੇਂ ਕਿ ਇਹ ਹੜਤਾਲ ਟਿਊਸ਼ਨ ਵਿੱਚ ਹੋਈਆਂ ਨੀਤੀਆਂ ਕਾਰਨ ਸ਼ੁਰੂ ਹੋਈ ਸੀ, ਇਸ ਦੇ ਨਾਲ ਹੀ ਇਸ ਤੋਂ ਮੇਰੀ ਪੀੜ੍ਹੀ ਦੇ ਨੌਜਵਾਨਾਂ ਵਿੱਚ ਆ ਰਹੀ ਰੈਡੀਕਲ ਤਬਦੀਲੀ ਦਾ ਵੀ ਪਤਾ ਚੱਲਦਾ ਸੀ। ਸੋ ਮੇਰੇ ਖਿਆਲ ਵਿੱਚ ਇਹ ਇਕ ਬਹੁਤ ਮਹੱਤਵਪੂਰਨ ਘਟਨਾ ਸੀ ਜਿਸ ਨੇ ਮੈਨੂੰ ਇਕ ਸਹੀ ਉਮਰ 'ਤੇ ਖੱਬੇ ਪੱਖੀ ਲਹਿਰ ਵੱਲ ਖਿੱਚਿਆ, ਜਿਹੜੀ ਉਸ ਵੇਲੇ ਕਮਿਊਨਿਸਟ ਪਾਰਟੀ ਦੀ ਅਗਵਾਈ ਵਿੱਚ ਚੱਲ ਰਹੀ ਸੀ। ਉਸ ਵੇਲੇ ਮੇਰੀ ਉਮਰ 16 ਸਾਲ ਦੀ ਸੀ।

ਮੈਂ ਆਲ ਇੰਡੀਆ ਸਟੂਡੈਂਟ ਫੈਡਰੇਸ਼ਨ ਦਾ ਸਰਗਰਮ ਮੈਂਬਰ ਬਣ ਗਿਆ। ਉਹ ਹੜਤਾਲ ਕਾਮਯਾਬ ਰਹੀ। ਅਸੀਂ ਸਕੂਲ ਨੂੰ ਆਪਣਾ ਫੈਸਲਾ ਵਾਪਸ ਲੈਣ ਲਈ ਮਜ਼ਬੂਰ ਕਰਨ ਵਿੱਚ ਕਾਮਯਾਬ ਰਹੇ। ਇਲਾਕੇ ਦੇ ਅਕਾਲੀ ਅਤੇ ਕਾਂਗਰਸੀ ਲੀਡਰਾਂ ਦੀ ਸ਼ਹਿ ਨਾਲ ਕੰਮ ਕਰ ਰਹੇ ਕੁੱਝ ਗੁੰਡਿਆਂ ਨੇ ਸਾਡੀ ਹੜਤਾਲ ਦੀ ਅਗਵਾਈ ਕਰ ਰਹੇ ਖਾਲਸਾ ਕਾਲਜ ਅੰਮ੍ਰਿਤਸਰ ਦੇ ਦੋ ਵਿਦਿਆਰਥੀਆਂ 'ਤੇ ਹਮਲਾ ਵੀ ਕੀਤਾ, ਪਰ ਇਸ ਨਾਲ ਵੀ ਅਸੀਂ ਰੁਕੇ ਨਾ। ਹੜਤਾਲ ਨੂੰ ਬਹੁਤ ਵੱਡੀ ਹਿਮਾਇਤ ਪ੍ਰਾਪਤ ਸੀ। ਪਰ ਜਿਵੇਂ ਮੈਂ ਕਿਹਾ ਹੈ ਇਸ ਨਾਲ ਮੈਂ ਸਟੂਡੈਂਟ ਫੈਡਰੇਸ਼ਨ ਵਿੱਚ ਸਰਗਰਮੀ ਨਾਲ ਕੰਮ ਕਰਨ ਲੱਗਾ।

ਸਵਾਲ: ਅਤੇ ਜਦੋਂ ਤੁਸੀਂ ਕਾਲਜ ਵਿੱਚ ਚਲੇ ਗਏ, ਕੀ ਤੁਸੀਂ ਇਨ੍ਹਾਂ ਸਗਰਗਮੀਆਂ ਨੂੰ ਜਾਰੀ ਰੱਖਿਆ?

ਜਵਾਬ: ਹਾਂ, ਹਾਂ। ਬਾਬਾ ਬਕਾਲਾ ਤੋਂ ਜਦੋਂ ਮੈਂ ਦਸਵੀਂ ਕੀਤੀ ਉਦੋਂ ਸਾਡਾ ਪਰਿਵਾਰ ਬਾਬਾ ਬਕਾਲਾ ਨੇੜੇ ਪੈਂਦੇ ਅੰਮ੍ਰਿਤਸਰ ਜ਼ਿਲ੍ਹੇ ਦੇ ਇਕ ਛੋਟੇ ਜਿਹੇ ਪਿੰਡ ਤੋਂ ਜਲੰਧਰ ਆ ਗਿਆ। ਸੰਨ 1950 ਵਿੱਚ ਜ਼ਮੀਨਾਂ ਦੀ ਅਲਾਟਮੈਂਟ ਦਾ ਕੰਮ ਕੱਚੀਆਂ ਅਲਾਟਮੈਂਟ ਦੇ ਪਹਿਲੇ ਪੜਾਅ ਤੋਂ ਪੱਕੀਆਂ ਅਲਾਟਮੈਂਟ ਦੇ ਦੂਜੇ ਪੜਾਅ 'ਤੇ ਪਹੁੰਚ ਗਿਆ ਸੀ, ਅਤੇ ਸਾਡੇ ਪਰਿਵਾਰ ਨੂੰ ਜਲੰਧਰ ਦੀ ਗਾਰਡਨ ਕਲੋਨੀ, ਜਲੰਧਰ ਸ਼ਹਿਰ ਨਾਲ ਲੱਗਦੇ ਇਕ ਛੋਟੇ ਜਿਹੇ ਪਿੰਡ ਸੱਬੋਵਾਲ, ਵਿਖੇ ਜ਼ਮੀਨ ਅਲਾਟ ਹੋ ਗਈ ਸੀ।

ਮੈਂ ਲਾਇਲਪੁਰ ਖਾਲਸਾ ਕਾਲਜ ਵਿੱਚ ਦਾਖਲ ਹੋ ਗਿਆ। ਅਤੇ ਲਾਇਲਪੁਰ ਖਾਲਸਾ ਕਾਲਜ ਵਿੱਚ ਪਹਿਲਾਂ ਹੀ ਵਿਦਿਆਰਥੀ ਸਰਗਮੀਆਂ ਦੀ ਰਵਾਇਤ ਸ਼ੁਰੂ ਹੋ ਗਈ ਸੀ। ਮੈਂ ਆਪਣੀ ਉਮਰ ਦੇ ਕਈ ਹੋਰ ਲੋਕਾਂ ਦੇ ਸੰਪਰਕ ਵਿੱਚ ਆ ਗਿਆ, ਜਿਹੜੇ ਬਾਅਦ ਵਿੱਚ ਜਾ ਕੇ ਕਮਿਊਨਿਟਸਟ ਪਾਰਟੀ ਦੇ ਸਰਗਰਮ ਮੈਂਬਰ ਜਾਂ ਕਮਿਊਨਿਸਟ ਲੀਡਰ ਬਣੇ। ਮੇਰਾ ਖਿਆਲ ਹੈ ਕਿ ਮੈਂ 1950-51 ਵਿੱਚ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋ ਗਿਆ, ਜਿਸ ਵਿੱਚ ਮੈਂ 1954-1955 ਤੱਕ ਸਰਗਰਮ ਰਿਹਾ। ਅਸੀਂ ਕਈ ਤਰ੍ਹਾਂ ਦੇ ਕੰਮ ਕਰ ਰਹੇ ਸੀ, ਸਰਕਾਰ ਦੀਆਂ ਨੀਤੀਆਂ, ਆਰਥਿਕ ਨੀਤੀਆਂ ਅਤੇ ਮਜ਼ਦੂਰਾਂ ਨਾਲ ਸੰਬੰਧਤ ਨੀਤੀਆਂ ਵਿਰੁੱਧ ਮੁਜ਼ਾਹਰਿਆਂ ਦਾ ਪ੍ਰਬੰਧ ਕਰਨਾ। ਉਸ ਸਮੇਂ ਸ਼ਹਿਰ ਵਿੱਚ ਮਜ਼ਦੂਰਾਂ ਦੇ ਕਈ ਤਰ੍ਹਾਂ ਅੰਦੋਲਨ ਚੱਲ ਰਹੇ ਸਨ। ਜਲੰਧਰ ਸਨਅਤੀ ਸ਼ਹਿਰ ਬਣ ਰਿਹਾ ਸੀ ਅਤੇ ਅਸੀਂ ਹੜਤਾਲਾਂ ਵਿੱਚ ਹਿੱਸਾ ਲੈਂਦੇ ਸੀ, ਉਨ੍ਹਾਂ ਨੂੰ ਜਥੇਬੰਦ ਕਰਨ ਵਿੱਚ ਹਿੱਸਾ ਲੈਂਦੇ ਸੀ, ਇਕੱਲੇ ਕਾਲਜ ਵਿੱਚ ਹੀ ਨਹੀਂ ਸਗੋਂ ਬਾਹਰ ਵੀ।

ਉਨ੍ਹਾਂ ਸਮਿਆਂ ਵਿੱਚ ਅਮਨ ਲਹਿਰ ਬਹੁਤ ਤਾਕਤਵਰ ਸੀ। ਭਾਵੇਂ ਕਿ ਇਸ ਦੀ ਅਗਵਾਈ ਖੱਬੀਆਂ ਪਾਰਟੀਆਂ ਵੱਲੋਂ ਕੀਤੀ ਜਾ ਰਹੀ ਸੀ, ਪਰ ਇਹ ਸਾਰੀਆਂ ਪਾਰਟੀਆਂ 'ਤੇ ਆਧਾਰਿਤ ਲਹਿਰ ਸੀ, ਕਾਫੀ ਜ਼ਿਆਦਾ ਮੋਕਲੇ ਆਧਾਰ ਵਾਲੀ। ਅਸੀਂ ਇਸ ਵਿੱਚ ਬਹੁਤ ਸਰਗਰਮ ਸੀ। ਮੈਂ ਆਪਣੇ ਹੋਰ ਸਾਥੀਆਂ ਦੇ ਨਾਲ ਨੌਜਵਾਨਾਂ ਦੇ ਸੈਕਟਰ ਵਿੱਚ ਵੀ ਬਹੁਤ ਸਰਗਰਮ ਸੀ। ਇਸ ਲਈ ਅਸੀਂ ਯੂਥ ਫੈਸਟੀਵਲਾਂ, ਅਮਨ ਦੇ ਫੈਸਟੀਵਲਾਂ ਦਾ ਪ੍ਰਬੰਧ ਕਰਦੇ ਸੀ।

ਸਵਾਲ: ਉਸ ਵੇਲੇ ਤੁਹਾਡੇ ਨਾਲ ਹੋਰ ਕੌਣ ਕੌਣ ਲੋਕ ਸਨ?

ਜਵਾਬ: ਸੁਰਜੀਤ ਬਾਜਵਾ ਇਸ ਦਾ ਹਿੱਸਾ ਸੀ। ਰਵਿੰਦਰ ਸਰਾ ਵੀ ਇਸ ਦਾ ਹਿੱਸਾ ਸੀ, ਜਿਹੜਾ ਕਿ ਹੁਣ ਇੱਥੇ ਹੈ। ਰਵਿੰਦਰ ਉਸ ਗਰੁੱਪ ਦਾ ਹਿੱਸਾ ਸੀ। ਪ੍ਰੇਮ ਸਿੰਘ ਚੀਮਾ। ਪ੍ਰੇਮ ਹੁਣ ਸੀ ਪੀ ਆਈ (ਐੱਮ) ਦੀ ਅਖਬਾਰ ਦੇਸ਼ ਸੇਵਕ ਦਾ ਸੰਪਾਦਕ ਹੈ। ਉਹ ਲੀਡਰ ਸੀ। ਬਲਰਾਜ ਮਹਿਤਾ ਸੂਬਾਈ ਕਮੇਟੀ ਦਾ ਮੈਂਬਰ ਸੀ। ਬਲਰਾਜ ਮਹਿਤਾ ਨੌਜਵਾਨ ਅਤੇ ਵਿਦਿਆਰਥੀ ਫਰੰਟ ਲਈ ਜ਼ਿੰਮੇਵਾਰ ਸੀ। ਉਹ ਬਹੁਤ ਸਰਗਰਮ ਸੀ, ਅਤੇ ਮੈਂ ਉਸ ਦੇ ਬਹੁਤ ਨੇੜੇ ਰਹਿ ਕੇ ਕੰਮ ਕੀਤਾ। ਉਸ ਸਮੇਂ ਜਲੰਧਰ ਵਿੱਚ ਹੋਣਾ ਇਕ ਬਹੁਤ ਹੀ ਵਧੀਆ ਗੱਲ ਸੀ। ਇਹ ਸੂਬਾਈ ਪ੍ਰੈੱਸ ਦਾ ਕੇਂਦਰ ਸੀ। ਇਹ ਇਕ ਵੱਡਾ ਵਿਦਿਅਕ ਕੇਂਦਰ ਸੀ। ਇਸ ਦਾ ਸਿਆਸੀ ਸਰਗਰਮੀਆਂ ਨਾਲ ਸੰਬੰਧਤ ਇਕ ਦਿਲਚਸਪ ਇਤਿਹਾਸ ਹੈ। ਇੱਥੇ ਕਿਤਾਬਾਂ ਦੀਆਂ ਵਧੀਆ ਦੁਕਾਨਾਂ ਸਨ। ਮੇਰੀ ਉਮਰ ਦੇ ਬੰਦੇ ਲਈ ਵੱਧਣ ਫੁੱਲਣ ਲਈ ਇਹ ਇਕ ਆਦਰਸ਼ਕ ਥਾਂ ਸੀ, ਆਲੇ ਦੁਆਲੇ ਕਾਫੀ ਸਾਰੀ ਸਿਆਸੀ ਸਰਗਰਮੀ ਚੱਲ ਰਹੀ ਸੀ।

ਸਵਾਲ: ਉੱਥੇ ਆਪਣੀ ਪੜ੍ਹਾਈ ਖਤਮ ਕਰਨ ਬਾਅਦ ਤੁਸੀਂ ਕੀ ਕੀਤਾ?

ਜਵਾਬ: ਪਹਿਲੀ ਗੱਲ ਇਹ ਹੋਈ ਕਿ ਸਿਆਸੀ ਸਰਗਰਮੀਆਂ ਕਰਕੇ ਮੇਰੀ ਪੜ੍ਹਾਈ ਵਿੱਚ ਅੜਿੱਕਾ ਪੈ ਗਿਆ। ਮੇਰਾ ਖਿਆਲ ਹੈ ਕਿ ਮੈਂ ਦੋ ਸਾਲ ਗਵਾ ਲਏ। ਜਿਹੜੀ ਡਿਗਰੀ ਮੈਨੂੰ 1954 ਵਿੱਚ ਪੂਰੀ ਕਰ ਲੈਣੀ ਚਾਹੀਦੀ ਸੀ, ਉਹ ਮੈਂ 1956 ਵਿੱਚ ਮੁਕੰਮਲ ਕੀਤੀ। ਮੈਨੂੰ ਇਕ ਸਾਲ ਕਾਲਜ ਵਿੱਚੋਂ ਕੱਢ ਦਿੱਤਾ ਗਿਆ ਸੀ, ਅਤੇ ਇਕ ਹੋਰ ਸਾਲ ਮੈਂ ਫੇਲ੍ਹ ਹੋ ਗਿਆ ਕਿਉਂਕਿ ਅਸੀਂ ਪੜ੍ਹਨ ਦੀ ਥਾਂ ਆਪਣਾ ਸਮਾਂ ਹੋਰ ਸਰਗਰਮੀਆਂ ਵਿੱਚ ਲਾਉਂਦੇ ਸੀ, ਅਤੇ ਮੈਂ ਸਾਇੰਸ ਦਾ ਵਿਦਿਆਰਥੀ ਸੀ। ਜੇ ਤੁਸੀਂ ਆਪਣਾ ਕੰਮ ਨਹੀਂ ਕਰਦੇ ਤਾਂ ਕਾਮਯਾਬ ਹੋਣ ਦੇ ਕੋਈ ਮੌਕੇ ਨਹੀਂ ਸਨ? ਪਰ ਇਹ ਦੋ ਸਾਲ ਗਵਾਉਣ ਬਦਲੇ ਜਿਹੜੀ ਵਿਦਿਆ ਮੈਨੂੰ ਪ੍ਰਾਪਤ ਹੋਈ, ਉਹ ਬਹੁਤ ਵਧੀਆ ਸੀ। ਇਸ ਨੇ ਮੇਰੇ ਵਿੱਚ ਸਿਆਸੀ ਪ੍ਰੌੜਤਾ ਲਿਆਂਦੀ। ਇਸ ਨਾਲ ਮੇਰਾ ਨਿੱਜੀ ਵਿਕਾਸ ਹੋਇਆ, ਇਸ ਲਈ ਇਹ ਇਕ ਕਾਫੀ ਵਧੀਆ ਤਜਰਬਾ ਸੀ।

ਸੰਨ 1956 ਵਿੱਚ ਮੈਂ ਡੀ ਏ ਵੀ ਕਾਲਜ ਤੋਂ ਆਪਣੀ ਬੀ ਏ ਫਿਜੀਕਸ ਅਤੇ ਹਿਸਾਬ ਵਿੱਚ ਪੂਰੀ ਕਰ ਲਈ। ਫਿਰ ਇਹ ਸਵਾਲ ਪੈਦਾ ਹੋਇਆ ਕਿ ਹੁਣ ਕੀ ਕੀਤਾ ਜਾਵੇ। ਨੰਬਰਾਂ ਦੇ ਹਿਸਾਬ ਨਾਲ ਮੇਰੀ ਕਾਰਗੁਜਾਰੀ ਏਨੀ ਵਧੀਆ ਨਹੀਂ ਸੀ, ਇਸ ਲਈ ਕੁੱਝ ਦਰਵਾਜ਼ੇ ਬੰਦ ਹੋ ਚੁੱਕੇ ਸਨ। ਮੈਂ ਇੰਜਨੀਅਰਿੰਗ ਵਿੱਚ ਨਹੀਂ ਜਾ ਸਕਦਾ ਸੀ, ਕਿਉਂਕਿ ਉੱਥੇ ਜਾਣ ਲਈ ਮੇਰੇ ਵੱਲੋਂ ਲਏ ਨੰਬਰਾਂ ਤੋਂ ਜ਼ਿਆਦਾ ਨੰਬਰ ਚਾਹੀਦੇ ਸਨ। ਮੈਂ ਵਕਾਲਤ ਕਰ ਸਕਦਾ ਸੀ, ਪਰ ਉਸ ਲਈ ਤਿੰਨ ਸਾਲ ਲੱਗਣੇ ਸਨ, ਅਤੇ ਮੇਰੇ ਪਰਿਵਾਰ ਦੀ ਆਰਥਿਕ ਸਥਿਤੀ ਅਜੇ ਵੀ ਮਾੜੀ ਸੀ। ਮੈਂ ਜਦੋਂ 1947 ਤੋਂ ਪਹਿਲਾਂ ਅਣਵੰਡੇ ਪੰਜਾਬ ਵਿੱਚ ਹਾਈ ਸਕੂਲ ਜਾਣ ਲੱਗਾ ਸੀ, ਉਸ ਸਮੇਂ ਅਧਿਆਪਕ ਬਣਨ ਵਿੱਚ ਵੀ ਮੇਰੀ ਦਿਲਚਸਪੀ ਸੀ।

ਹਾਈ ਸਕੂਲ ਵਿੱਚ ਮੇਰਾ ਵਾਹ ਇਕ ਅਧਿਆਪਕ ਨਾਲ ਪਿਆ ਸੀ ਜਿਸ ਨੇ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਡਿਗਰੀ ਕੀਤੀ ਸੀ। ਉਸ ਦਾ ਨਾਂ ਉਜਾਗਰ ਸਿੰਘ ਢਿੱਲੋਂ ਸੀ ਅਤੇ ਉਹ ਫੁੱਟਬਾਲ ਦਾ ਚੰਗਾ ਖਿਡਾਰੀ ਸੀ। ਉਹ ਉਸ ਹਾਈ ਸਕੂਲ ਵਿੱਚ ਸਾਇੰਸ ਪੜ੍ਹਾਉਣ ਆਇਆ ਸੀ, ਜਿਹੜਾ ਹੁਣ ਪਾਕਿਸਤਾਨ ਵਿੱਚ ਹੈ। ਮੈਂ ਉਸ ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਹੋਇਆ ਸੀ। ਉਹ ਉਸ ਵੇਲੇ ਕਾਂਗਰਸ ਦਾ ਵੀ ਕਾਰਕੁੰਨ ਸੀ। ਉਹ ਖੱਦਰ ਪਾਉਂਦਾ ਸੀ, ਪਰ ਉਹ ਕਾਫੀ ਹਸਮੁੱਖ ਸੁਭਾਅ ਦਾ ਸੀ ਅਤੇ ਇਕ ਚੰਗਾ ਸਪੋਰਟਸਮੈਨ ਸੀ। ਮੇਰੇ ਹਿਸਾਬ ਨਾਲ ਉਹ ਇਕ ਮਾਡਰਨ ਆਦਮੀ ਸੀ। ਉਹ ਸਟਾਫ ਦੇ ਦੂਜੇ ਮੈਂਬਰਾਂ ਦੇ ਮੁਕਾਬਲੇ ਉਮਰ ਵਿੱਚ ਮੇਰੇ ਜ਼ਿਆਦਾ ਨੇੜੇ ਸੀ।

ਬਾਅਦ ਵਿੱਚ ਖਾਲਸਾ ਕਾਲਜ ਅੰਮ੍ਰਿਤਸਰ ਦੇ ਕਈ ਪ੍ਰੋਫੈਸਰ ਸਾਡੇ ਸਾਥੀ ਸਨ, ਉਨ੍ਹਾਂ ਨੇ ਵੀ ਮੇਰਾ ਨਜ਼ਰੀਆ ਘੜਨ ਵਿੱਚ ਯੋਗਦਾਨ ਪਾਇਆ ਕਿ ਮੈਨੂੰ ਕੀ ਬਣਨਾ ਚਾਹੀਦਾ ਹੈ, ਇਕ ਕਾਲਜ ਦਾ ਅਧਿਆਪਕ। ਇਸ ਲਈ ਮੈਂ ਬੀ ਐੱਡ ਕਰਨ ਦਾ ਫੈਸਲਾ ਕੀਤਾ। ਉਸ ਸਮੇਂ ਇਹ ਜਲੰਧਰ ਵਿੱਚ ਇਕ ਸਾਲ ਦਾ ਪ੍ਰੋਗਰਾਮ ਸੀ। ਇਸ ਤਰ੍ਹਾਂ ਮੈਂ 1957 ਵਿੱਚ ਬੀ ਐੱਡ ਵਿੱਚ ਦਾਖਲ ਹੋ ਗਿਆ ਅਤੇ ਬੀ ਐੱਡ ਕਰਨ ਤੋਂ ਬਾਅਦ ਜਲੰਧਰ ਦੇ ਇਕ ਹਾਈ ਸਕੂਲ ਵਿੱਚ ਪੜ੍ਹਾਉਣ ਲੱਗ ਪਿਆ। ਇਸ ਸਕੂਲ ਦਾ ਨਾਂ ਰਾਮ ਦਾਸ ਹਾਈ ਸਕੂਲ ਸੀ। ਉੱਥੇ ਮੈਂ ਇਕ ਸਾਲ ਪੜ੍ਹਾਇਆ। ਉਸ ਤੋਂ ਅਗਲੇ ਸਾਲ ਮੈਂ ਮਿੰਟਗੁਮਰੀ ਜੂਨੀਅਰ ਬੇਸਿਕ ਟ੍ਰੇਨਿੰਗ ਸਕੂਲ ਵਿੱਚ ਚਲਾ ਗਿਆ। ਮੇਰਾ ਖਿਆਲ ਹੈ ਸੁਰਿੰਦਰ ਉੱਥੇ ਪ੍ਰਿੰਸੀਪਲ ਸੀ। ਉੱਥੇ ਅਸੀਂ ਪਹਿਲੀ ਵਾਰ ਮਿਲੇ। ਉਹ ਉਸ ਸਕੂਲ ਦੀ ਪ੍ਰਿੰਸੀਪਲ ਸੀ ਅਤੇ ਮੈਂ ਉੱਥੇ ਇਕ ਅਧਿਆਪਕ ਸੀ।

ਉੱਥੇ ਮੈਂ ਇਕ ਜਾਂ ਦੋ ਸਾਲ ਪੜ੍ਹਾਇਆ। ਉਸ ਤੋਂ ਬਾਅਦ ਮੈਨੂੰ ਇਕ ਸਰਕਾਰੀ ਸਕੂਲ ਵਿੱਚ ਨੌਕਰੀ ਮਿਲ ਗਈ। ਉਨ੍ਹਾਂ ਦਿਨਾਂ ਵਿੱਚ ਸਰਕਾਰੀ ਨੌਕਰੀ ਨੂੰ ਬਹੁਤ ਮਹੱਤਵਪੂਰਨ ਸਮਝਿਆ ਜਾਂਦਾ ਸੀ। ਇਸ ਲਈ ਮੈਂ ਉਹ ਨੌਕਰੀ ਕਰ ਲਈ ਅਤੇ ਆਦਮਪੁਰ ਦੇ ਨੇੜੇ ਪੈਂਦੇ ਪਿੰਡ ਕੰਦੋਲਾ ਦੇ ਮਿਡਲ ਸਕੂਲ ਵਿੱਚ ਪ੍ਰਿੰਸੀਪਲ ਲੱਗ ਗਿਆ।

ਜਦੋਂ ਮੈਂ ਉੱਥੇ ਪੜ੍ਹਾ ਰਿਹਾ ਸੀ ਤਾਂ ਮੇਰੇ ਇਕ ਦੋਸਤ, ਸੁਰਜੀਤ ਬਾਸੀ, ਨੇ ਮੈਨੂੰ ਅਮਰੀਕਾ ਤੋਂ ਇਕ ਖੱਤ ਲਿਖਿਆ। ਸੁਰਜੀਤ ਅਮਰੀਕਾ ਦੀ ਨੈਬਰਾਸਕਾ ਯੂਨੀਵਰਸਿਟੀ ਵਿੱਚ ਮਾਸਟਰ (ਐੱਮ ਏ) ਦੀ ਪੜ੍ਹਾਈ ਕਰਨ ਆਇਆ ਹੋਇਆ ਸੀ। ਉਹ ਮੈਨੂੰ ਲਗਾਤਾਰ ਖੱਤ ਲਿਖਦਾ ਰਹਿੰਦਾ ਸੀ। ਇਕ ਖੱਤ ਵਿੱਚ ਉਸ ਨੇ ਲਿਖਿਆ, "ਤੂੰ ਵੀ ਇੱਥੇ ਕਿਉਂ ਨਹੀਂ ਆ ਜਾਂਦਾ? ਇੱਥੇ ਯੂਨੀਵਰਸਿਟੀ ਵਿੱਚ ਕਾਫੀ ਮੌਜਾਂ ਹਨ। ਮੈਂ ਤੈਨੂੰ ਇੱਥੇ ਦਾਖਲ ਕਰਾ ਸਕਦਾ ਹਾਂ। ਮੈਂ ਤੈਨੂੰ ਕਾਗਜ਼ ਭੇਜ ਦਿੰਦਾ ਹਾਂ। ਮੈਨੂੰ ਪਤਾ ਹੈ ਤੇਰੇ ਕੋਲ ਕਾਬਲੀਅਤ ਹੈ, ਜਿਸ ਦਾ ਅਰਥ ਹੈ ਕਿ ਤੈਨੂੰ ਇੱਥੇ ਦਾਖਲਾ ਮਿਲ ਜਾਵੇਗਾ।" ਅਸੀਂ ਬਾਹਰ ਪੜ੍ਹਨ ਜਾਣ ਬਾਰੇ ਗੱਲਾਂ ਕਰਦੇ ਰਹਿੰਦੇ ਸੀ। ਉਹ ਕਹਿੰਦਾ, "ਤੂੰ ਅਰਜ਼ੀ ਕਿਉਂ ਨਹੀਂ ਭਰ ਦਿੰਦਾ।" ਉਹਦੇ ਕਹਿਣ ’ਤੇ ਮੈਂ ਅਰਜ਼ੀ ਭਰ ਦਿੱਤੀ ਅਤੇ ਮੈਨੂੰ ਉੱਥੇ ਦਾਖਲਾ ਮਿਲ ਗਿਆ। ਇਸ ਤਰ੍ਹਾਂ ਬਹੁਤ ਛੇਤੀ ਹੀ ਮੇਰੀ ਜ਼ਿੰਦਗੀ ਦਾ ਰਸਤਾ ਬਦਲ ਗਿਆ। ਮੈਨੂੰ ਸਰਕਾਰੀ ਨੌਕਰੀ ਮਿਲੀ ਸੀ ਪਰ ਤਿਆਰੀਆਂ ਅਮਰੀਕਾ ਆਉਣ ਦੀਆਂ ਹੋਣ ਲੱਗੀਆਂ।

ਸੋ ਮੈਂ ਉਸ ਨੌਕਰੀ ਨੂੰ ਛੱਡਣ ਦੀ ਤਿਆਰੀ ਕਰ ਲਈ ਪਰ ਮੇਰੇ ਪਰਿਵਾਰ ਦੀ ਆਰਥਿਕ ਹਾਲਤ ਅਜੇ ਵੀ ਮਾੜੀ ਸੀ। ਮੈਂ ਆਪਣੇ ਮਾਂ ਬਾਪ ਤੋਂ ਅਮਰੀਕਾ ਜਾਣ ਲਈ ਪੈਸੇ ਮੰਗਣ ਸਮੇਂ ਬਹੁਤ ਗੁਨਾਹਗਾਰ ਮਹਿਸੂਸ ਕਰ ਰਿਹਾ ਸੀ। ਇਸ ਲਈ ਮੈਂ ਲੰਡਨ ਆਉਣ ਅਤੇ ਉੱਥੇ ਛੇ ਮਹੀਨੇ ਰਹਿਣ ਅਤੇ ਕੋਈ ਕੰਮ ਧੰਦਾ ਕਰਕੇ ਨੈਬਰਾਸਕਾ ਯੂਨੀਵਰਸਿਟੀ ਦੀ ਪਹਿਲੀ ਟਰਮ ਦੇ ਖਰਚਿਆਂ ਲਈ ਪੈਸੇ ਜੋੜਨ ਦਾ ਫੈਸਲਾ ਕਰ ਲਿਆ। ਪਰ ਇਸ ਤਰ੍ਹਾਂ ਨਾ ਹੋਇਆ। ਉੱਥੇ (ਲੰਡਨ) ਆ ਕੇ ਕੰਮ ਲੱਭਣਾ ਬਹੁਤ ਮੁਸ਼ਕਿਲ ਸੀ। ਮੇਰੇ ਦਾੜ੍ਹੀ ਅਤੇ ਪੱਗ ਸੀ, ਜਿਸ ਕਰ ਕੇ ਮਜ਼ਦੂਰੀ ਦਾ ਕੰਮ ਲੱਭਣਾ ਬਹੁਤ ਜ਼ਿਆਦਾ ਮੁਸ਼ਕਿਲ ਸੀ। ਉਹ ਜਾਂ ਤਾਂ ਇਹ ਸਮਝਦੇ ਕਿ ਮੈਂ ਬਹੁਤ ਜ਼ਿਆਦਾ ਪੜ੍ਹਿਆ ਹੋਇਆ ਹਾਂ ਜਾਂ ਉਨ੍ਹਾਂ ਨੂੰ ਮੈਂ ਇਕ ਅਜੀਬ ਤਰ੍ਹਾਂ ਦਾ ਬੰਦਾ ਲੱਗਦਾ। ਫਿਰ ਮੈਨੂੰ ਇਕ ਨੌਕਰੀ ਮਿਲ ਗਈ, ਜਿਹੜੀ ਕਾਫੀ ਚੰਗੀ ਸੀ, ਅਸਲ ਵਿੱਚ ਇਹ ਇਕ ਰਿਸਰਚ ਲੈਬਾਰਟਰੀ ਵਿੱਚ ਇੰਜਨੀਅਰਿੰਗ ਦੇ ਖੇਤਰ ਵਿੱਚ ਨੌਕਰੀ ਸੀ। ਉਹ ਮੈਨੂੰ ਉੱਥੇ ਜੂਨੀਅਰ ਇੰਜਨੀਅਰ ਕਹਿੰਦੇ ਸੀ। ਮੇਰੇ ਖਿਆਲ ਵਿੱਚ ਇਹ ਸੰਨ 1961 ਦੇ ਸਤੰਬਰ ਦੀ ਗੱਲ ਹੈ।

ਜਦੋਂ ਮੈਨੂੰ ਉਹ ਨੌਕਰੀ ਮਿਲ ਗਈ ਤਾਂ ਮੇਰਾ ਕੰਮ ਮਾਲਕ ਮੈਨੂੰ ਲੰਡਨ ਯੂਨੀਵਰਸਿਟੀ ਤੋਂ ਬੀ ਐੱਸ ਸੀ ਕਰਨ ਲਈ ਉਤਸ਼ਾਹਿਤ ਕਰਨ ਲੱਗਾ। ਉਨ੍ਹਾਂ ਦਾ ਇਕ ਖਾਸ ਪ੍ਰੋਗਰਾਮ ਸੀ, ਜਿਸ ਨੂੰ ਉਹ "ਸੈਂਡਵਿਚ ਪ੍ਰੋਗਰਾਮ" ਕਹਿੰਦੇ ਸੀ। ਛੇਆਂ ਸਾਲਾਂ ਵਿੱਚ ਮੈਂ ਉਹ ਡਿਗਰੀ ਪੂਰੀ ਕਰ ਸਕਦਾ ਸੀ। ਇਹ ਇਕ ਤਰ੍ਹਾਂ ਦਾ ਕੰਮ ਦੇ ਨਾਲ ਨਾਲ ਪੜ੍ਹਨ ਦਾ ਪ੍ਰੋਗਰਾਮ ਸੀ। ਮੈਂ ਉਸ ਵਿੱਚ ਦਾਖਲਾ ਲੈ ਲਿਆ ਅਤੇ ਬਕਾਇਦਗੀ ਨਾਲ ਲੰਡਨ ਯੂਨੀਵਰਸਿਟੀ ਜਾਣ ਲੱਗ ਪਿਆ। ਇਸ ਸਮੇਂ ਦਸੰਬਰ ਵਿੱਚ ਸੁਰਿੰਦਰ ਮੇਰੇ ਕੋਲ ਆ ਗਈ।

ਸਵਾਲ: ਸੋ ਇੰਗਲੈਂਡ ਆਉਣ ਤੋਂ ਪਹਿਲਾਂ ਤੁਸੀਂ ਵਿਆਹ ਕਰਾ ਲਿਆ ਸੀ?

ਜਵਾਬ: ਹਾਂ, ਅਸੀਂ ਸੰਨ 1960 ਵਿੱਚ ਵਿਆਹ ਕਰਾ ਲਿਆ ਸੀ। ਸੋ ਜਦੋਂ ਮੈਂ ਉੱਥੋਂ ਆਇਆ ਤਾਂ ਉਹਦਾ ਪਿੱਛੇ ਇਕੱਲੀ ਦਾ ਜੀਅ ਨਾ ਲੱਗਾ ਅਤੇ ਉਹਨੇ ਕਿਹਾ, "ਅਮਰੀਕਾ ਨਾ ਜਾਇਓ। ਮੇਰੀ ਲੰਡਨ ਵਿੱਚ ਉਡੀਕ ਕਰਿਓ। ਮੇਰੇ ਐਥੇ ਆਉਣ ਤੋਂ ਬਾਅਦ ਹੀ ਫੈਸਲਾ ਕਰਾਂਗੇ ਕਿ ਅਗਾਂਹ ਕੀ ਕਰਨਾ ਹੈ।" ਸੋ ਉਹ ਦਸੰਬਰ 1961 ਵਿੱਚ ਲੰਡਨ ਮੇਰੇ ਕੋਲ ਆ ਗਈ। ਉਸ ਸਮੇਂ ਮੇਰੀ ਉਮਰ ਦੇ ਬਹੁਤ ਸਾਰੇ ਲੋਕ ਪੰਜਾਬ ਛੱਡ ਕੇ ਦੁਨੀਆ ਦੇ ਦੂਜੇ ਹਿੱਸਿਆਂ ਨੂੰ ਜਾ ਰਹੇ ਸੀ।

ਜਦੋਂ ਅਸੀਂ 1961 ਦੀਆਂ ਗਰਮੀਆਂ ਵਿੱਚ ਲੰਡਨ ਵਿੱਚ ਸੀ, ਸੁਰਿੰਦਰ ਅਤੇ ਮੇਰਾ ਦੋਸਤ ਮਿਸਟਰ ਕਪੂਰ, ਜਿਹੜਾ ਮਿੰਟਗੁਮਰੀ ਟੀਚਰ ਟ੍ਰੇਨਿੰਗ ਕਾਲਜ ਵਿੱਚ ਸਾਡਾ ਕੁਲੀਗ ਵੀ ਸੀ, ਅਲਬਰਟਾ (ਕੈਨੇਡਾ) ਦੇ ਇਕ ਛੋਟੇ ਜਿਹੇ ਸ਼ਹਿਰ ਵਿੱਚ ਇਕ ਅਧਿਆਪਕ ਦੇ ਤੌਰ ’ਤੇ ਆ ਰਿਹਾ ਸੀ। ਉਹ ਮੇਰੇ ਕੋਲ ਠਹਿਰਿਆ ਅਤੇ ਕਹਿਣ ਲੱਗਾ ,"ਦੇਖ ਮੈਂ ਉੱਥੇ ਜਾ ਰਿਹਾ ਹਾਂ। ਪੈਸੇ ਠੀਕ ਲੱਗਦੇ ਹਨ। ਤੈਨੂੰ ਵੀ ਉਨੇ ਹੀ ਪੈਸੇ ਮਿਲਣਗੇ, ਜਿੰਨੇ ਮੈਨੂੰ ਮਿਲ ਰਹੇ ਹਨ। ਇਸ ਲਈ ਤੂੰ ਉੱਥੇ ਕਿਉਂ ਨਹੀਂ ਆ ਜਾਂਦਾ। ਆਪਾਂ ਉੱਥੇ ਦੋ ਸਾਲ ਕੰਮ ਕਰਾਂਗੇ ਅਤੇ ਫਿਰ ਮੈਂ ਆਪਣੀ ਪੀ ਐੱਚ ਡੀ ਕਰਨੀ ਹੈ, ਤੂੰ ਵੀ ਇਸ ਤਰ੍ਹਾਂ ਹੀ ਕਰਨਾ ਚਾਹੁੰਦਾ ਹੈਂ। ਫਿਰ ਅਸੀਂ ਨੌਰਥ ਅਮਰੀਕਾ ਵਿੱਚ ਹੋਵਾਂਗੇ ਅਤੇ ਸਾਡੀ ਜ਼ਿੰਦਗੀ ਕਾਫੀ ਵਧੀਆ ਹੋਵੇਗੀ।" ਮੈਨੂੰ ਅਜਿਹਾ ਕਰਨ ਵਿੱਚ ਥੋੜ੍ਹੀ ਜਿਹੀ ਝਿਜਕ ਸੀ, ਕਿਉਂਕਿ ਮੈਂ ਪਹਿਲਾਂ ਹੀ ਲੰਡਨ ਯੂਨੀਵਰਸਿਟੀ ਵਿੱਚ ਆਪਣੀ ਅਗਾਂਹ ਦੀ ਪੜ੍ਹਾਈ ਸ਼ੁਰੂ ਕਰ ਚੁੱਕਾ ਸੀ। ਕਪੂਰ ਕਹਿੰਦਾ, "ਦੇਖ ਆਪਾਂ ਇਹਦੇ ਬਾਰੇ ਹੋਰ ਬਹਿਸ ਨਹੀਂ ਕਰਨੀ। ਜੇ ਮੇਰੇ ਸਕੂਲਾਂ ਦੇ ਸੁਪਰਡੈਂਟ ਨੇ ਮੈਥੋਂ ਕਿਸੇ ਹੋਰ ਬਾਰੇ ਪੁੱਛਿਆ, ਤਾਂ ਮੈਂ ਉਸ ਨੂੰ ਤੇਰਾ ਨਾਂ ਅਤੇ ਪਤਾ ਦੇ ਦੇਣਾ ਹੈ, ਅਤੇ ਫਿਰ ਜੋ ਹੋਵੇਗਾ, ਉਹ ਤੁਹਾਡੇ ਦੋਹਾਂ ਦਾ ਮਾਮਲਾ ਹੋਵੇਗਾ।"

ਬਿਲਕੁਲ ਉਸ ਤਰ੍ਹਾਂ ਹੀ ਹੋਇਆ। ਅਕਤੂਬਰ ਵਿੱਚ ਮੈਨੂੰ ਉਸ ਹੀ ਸਕੂਲ ਡਿਵੀਜ਼ਨ ਤੋਂ ਪੇਸ਼ਕਸ਼ ਆ ਗਈ ਜਿੱਥੇ ਕਪੂਰ ਪੜ੍ਹਾਉਣ ਗਿਆ ਸੀ। "ਮਿਸਟਰ ਕਪੂਰ ਨੇ ਸਾਨੂੰ ਤੇਰੇ ਬਾਰੇ ਦੱਸਿਆ ਹੈ। ਤੈਨੂੰ ਤਕਰੀਬਨ ਇੰਨੇ ਪੈਸੇ ਮਿਲਣਗੇ। ਤੂੰ ਹਾਈ ਸਕੂਲ ਵਿੱਚ ਪੜ੍ਹਾਏਂਗਾ ਅਤੇ ਸਾਨੂੰ ਤੇਰੀ ਬਹੁਤ ਲੋੜ ਹੈ। ਮੇਰੀ ਇਹ ਚਿੱਠੀ ਕੈਨੇਡੀਅਨ ਹਾਈ ਕਮਿਸ਼ਨ ਕੋਲ ਲੈ ਜਾ ਅਤੇ ਵੀਜ਼ਾ ਦੇਣ ਲਈ ਕਹਿ। ਤੈਨੂੰ ਕੁੱਝ ਚੀਜ਼ਾਂ ਕਰਨ ਦੀ ਲੋੜ ਹੋਵੇਗ ਜਿਵੇਂ ਕਿ ਟੀਚਰ ਦਾ ਸਰਟੀਫਿਕੇਟ ਲੈਣਾ। ਪਰ ਉਹ ਸਭ ਕੁਝ ਇੱਥੇ ਆ ਕੇ ਕਰਨ ਦੀ ਲੋੜ ਹੈ। ਅਗਾਂਹ ਤੂੰ ਕੀ ਕਰਨਾ ਹੈ, ਉਸ ਬਾਰੇ ਜਾਣਕਾਰੀ ਨਾਲ ਭੇਜੀ ਜਾ ਰਹੀ ਹੈ।"

ਸੁਰਿੰਦਰ ਆ ਗਈ ਅਤੇ ਅਸੀਂ ਆਪਣਾ ਮਨ ਝੱਟ ਬਣਾ ਲਿਆ ਕਿ ਇਹ ਇਕ ਚੰਗੀ ਗੱਲ ਹੈ। ਸੋ ਤਿੰਨ ਮਹੀਨਿਆਂ ਦੇ ਵਿੱਚ ਵਿੱਚ ਮੈਂ ਟੀਚਿੰਗ ਦਾ ਸਰਟੀਫਿਕੇਟ ਲੈਣ ਲਈ ਲੋੜੀਂਦੀ ਕਾਰਵਾਈ ਕਰ ਲਈ ਅਤੇ ਵੀਜ਼ੇ ਲਈ ਅਰਜ਼ੀ ਦੇ ਦਿੱਤੀ, ਅਤੇ ਸਾਨੂੰ ਫਰਵਰੀ ਦੇ ਅਖੀਰ ਵਿੱਚ ਵੀਜ਼ਾ ਮਿਲ ਗਿਆ ਅਤੇ 16 ਮਾਰਚ 1962 ਨੂੰ ਅਸੀਂ ਇਸ ਸੂਬੇ (ਅਲਬਰਟਾ) ਵਿੱਚ ਆ ਗਏ ਅਤੇ ਮੈਂ ਹਾਈ ਸਕੂਲ ਵਿੱਚ ਪੜ੍ਹਾਉਣਾ ਸ਼ੁਰੂ ਕਰ ਦਿੱਤਾ।

ਸਵਾਲ: ਤੁਸੀਂ ਅਲਬਰਟਾ ਵਿੱਚ ਕਿਹੜੇ ਸ਼ਹਿਰ ਆਏ?

ਜਵਾਬ: ਵਾਈਟਕੋਰਟ। ਇਹ ਇੱਥੋਂ (ਐਡਮੰਟਨ ਤੋਂ) ਤਕਰੀਬਨ 120 ਮੀਲ ਉੱਤਰ ਪੱਛਮ ਵਿੱਚ ਹੈ ਉਸ ਹਾਈਵੇਅ ’ਤੇ ਹੈ ਜਿਸ ਨੂੰ ਅਲਾਸਕਾ ਹਾਈਵੇਅ ਕਿਹਾ ਜਾਂਦਾ ਸੀ। ਇਹ ਬਹੁਤ ਛੋਟਾ ਜਿਹਾ ਕਸਬਾ ਸੀ, ਕਸਬਾ ਵੀ ਨਹੀਂ ਇਹ ਇਕ ਪਿੰਡ ਹੀ ਸੀ, ਪਰ ਇੱਥੇ ਇਕ ਹਾਈ ਸਕੂਲ ਸੀ। ਇਹ ਉਸ ਸਮੇਂ ਬਹੁਤ ਹੀ ਕੁਰੱਖਤ ਸ਼ਹਿਰ ਸੀ, ਬਹੁਤ ਹੀ ਕੁਰੱਖਤ, ਪਰ ਇਹ ਬਦਲ ਰਿਹਾ ਸੀ। ਕਮਿਊਨਿਟੀ ਬਹੁਤ ਤੇਜ਼ੀ ਨਾਲ ਬਦਲ ਰਹੀ ਸੀ। ਉਸ ਸਮੇਂ ਇਸ ਇਲਾਕੇ ਵਿੱਚ ਗੈਸ ਲੱਭੀ ਸੀ, ਇਸ ਲਈ ਗੈਸ ਕੱਢਣ ਦਾ ਕੰਮ ਬਹੁਤ ਤੇਜ਼ੀ ਨਾਲ ਚੱਲ ਰਿਹਾ ਸੀ। ਗੈਸ ਦੀਆਂ ਪਾਇਪਲਾਈਨਾਂ ਵਿਛਾਈਆਂ ਜਾ ਰਹੀਆਂ ਸਨ ਅਤੇ ਹਾਈ ਸਕੂਲ ਦੇ ਨੌਜਵਾਨ ਵਿਦਿਆਰਥੀ ਚੰਗੇ ਪੈਸਿਆਂ ’ਤੇ ਕੰਮ ਕਰ ਰਹੇ ਸਨ। ਇਸ ਤਰ੍ਹਾਂ ਮੈਨੂੰ ਉੱਥੇ ਨੌਕਰੀ ਮਿਲ ਗਈ ਅਤੇ ਕੁੱਝ ਮਹੀਨਿਆਂ ਬਾਅਦ, ਮੇਰੇ ਖਿਆਲ ਵਿੱਚ ਮਹੀਨੇ ਕੁ ਬਾਅਦ, ਉਨ੍ਹਾਂ ਨੇ ਸੁਰਿੰਦਰ ਨੂੰ ਵੀ ਪੜ੍ਹਾਉਣ ਲਈ ਕਿਹਾ। ਇਸ ਤਰ੍ਹਾਂ ਅਸੀਂ ਦੋਹਾਂ ਨੇ ਉੱਥੇ ਅਗਲੇ ਦੋ ਸਾਲਾਂ ਲਈ ਪੜ੍ਹਾਇਆ ਅਤੇ ਫਿਰ ਸੰਨ 64 ਵਿੱਚ ਅਸੀਂ ਇਸ ਸ਼ਹਿਰ (ਐਡਮੰਟਨ) ਵਿੱਚ ਆ ਗਏ। ਮੈਂ ਇਥੇ ਐਡਮੰਟਨ ਸਕੂਲ ਬੋਰਡ ਵਿੱਚ ਇਕ ਸਾਲ ਪੜ੍ਹਾਇਆ।

ਜਦੋਂ ਮੈਂ ਇਹ ਕਰ ਰਿਹਾ ਸੀ ਤਾਂ ਸੁਰਿੰਦਰ ਅਤੇ ਮੈਂ ਦੋਵੇਂ ਯੂਨੀਵਰਸਿਟੀ ਵਿੱਚ ਕੋਰਸ ਲੈ ਰਹੇ ਸੀ। ਇਸ ਕਰਕੇ ਮੈਨੂੰ ਉਨ੍ਹਾਂ ਕੋਰਸਾਂ ਕਰਕੇ ਗ੍ਰੈਜੂਏਟ ਪ੍ਰੋਗਰਾਮ ਵਿੱਚ ਦਾਖਲਾ ਮਿਲ ਗਿਆ। ਸੰਨ 64-65 ਦੇ ਅਕਾਦਮਿਕ ਸਾਲ ਦੇ ਅਖੀਰ ’ਤੇ, ਜਿਹੜਾ ਕਿ ਜੂਨ ਦਾ ਅਖੀਰ ਸੀ, ਮੈਂ ਪੜ੍ਹਾਉਣ ਦਾ ਕੰਮ ਛੱਡਣ ਦਾ ਫੈਸਲਾ ਕਰ ਲਿਆ ਅਤੇ ਯੂਨੀਵਰਸਿਟੀ ਵਿੱਚ ਫੁੱਲ ਟਾਇਮ ਵਿਦਿਆਰਥੀ ਬਣ ਗਿਆ।

ਸਵਾਲ: ਤੁਸੀਂ ਕੀ ਪੜ੍ਹ ਰਹੇ ਸੀ?

ਜਵਾਬ: ਮੁੱਖ ਤੌਰ ’ਤੇ ਸੋਸ਼ਿਓਲੋਜੀ।

ਸਵਾਲ: ਪੜ੍ਹਾਈ ਦੇ ਵਿਸ਼ੇ ਵਿੱਚ ਇਹ ਤਬਦੀਲੀ ਕਿਵੇਂ ਹੋਈ?

ਜਵਾਬ: ਹਾਂ, ਇਸ ਵਿਸ਼ੇ ਦੀ ਪੜ੍ਹਾਈ ਕਰਦਿਆਂ, ਮੇਰੇ ਖਿਆਲ ਵਿੱਚ ਮੇਰੀਆਂ ਸਿਆਸੀ ਸਰਗਰਮੀਆਂ, ਸਿਆਸੀ ਵਿਸ਼ਲੇਸ਼ਣ ਜਾਣ ਪਛਾਣ, ਖਾਸ ਕਰਕੇ ਮਾਰਕਸਵਾਦੀ ਨਜ਼ਰੀਏ ਤੋਂ, ਨਾਲ ਮੈਨੂੰ ਕਾਫੀ ਫਾਇਦਾ ਹੋਇਆ। ਮੈਨੂੰ ਛੇਤੀ ਹੀ ਪਤਾ ਚੱਲ ਗਿਆ, ਕਿ ਮੈਂ ਆਪਣੇ ਨਾਲ ਗ੍ਰੈਜੂਏਟ ਕੋਰਸਾਂ ਵਿੱਚ ਪੜ੍ਹ ਰਹੇ ਬਹੁਤੇ ਕੈਨੇਡੀਅਨ ਵਿਦਿਆਰਥੀਆਂ ਤੋਂ ਜੇ ਬਿਹਤਰ ਨਹੀਂ ਹਾਂ, ਤਾਂ ਉਨ੍ਹਾਂ ਦੇ ਬਰਾਬਰ ਜ਼ਰੂਰ ਹਾਂ, ਭਾਵੇਂ ਕਿ ਉਨ੍ਹਾਂ ਨੇ ਪਹਿਲਾਂ ਹੀ ਸੋਸ਼ਿਓਲੌਜੀ ਦੇ ਬਹੁਤ ਕੋਰਸ ਲਏ ਹੋਏ ਸਨ। ਕਈਆਂ ਨੇ ਸੋਸ਼ਿਓਲੋਜੀ ਵਿੱਚ ਮੇਜਰ ਕੀਤਾ ਹੋਇਆ ਸੀ, ਅਤੇ ਕਈਆਂ ਨੇ ਸੋਸ਼ਿਓਲੌਜੀ ਵਿੱਚ ਆਨਰਜ਼ ਕੀਤੀ ਹੋਈ ਸੀ ਅਤੇ ਅਸੀਂ ਸਾਰੇ ਗ੍ਰੈਜੂਏਟ ਕੋਰਸਾਂ ਵਿੱਚ ਇਕੱਠੇ ਪੜ੍ਹ ਰਹੇ ਸੀ ਅਤੇ ਮੈਂ ਉਨ੍ਹਾਂ ਵਿੱਚੋਂ ਬਹੁਤਿਆਂ ਨਾਲੋਂ ਬਿਹਤਰ ਚੱਲ ਰਿਹਾ ਸੀ। ਸੋ ਮੈਂ ਮਹਿਸੂਸ ਕੀਤਾ ਕਿ ਮੈਂ ਆਪਣੀ ਸੋਸ਼ਿਓਲੌਜੀ ਵੱਖਰੇ ਰਸਤੇ ਰਾਹੀਂ ਸਿੱਖੀ ਸੀ, ਫਿਰ ਵੀ ਇਹ ਬਹੁਤ ਹੀ ਕਾਰਗਰ ਅਤੇ ਫਾਇਦੇਮੰਦ ਸੀ।

ਹਾਂ ਤੁਸੀਂ ਠੀਕ ਹੋ ਕਿ ਇਹ ਇਕ ਕਾਫੀ ਵੱਡੀ ਤਬਦੀਲੀ ਸੀ, ਪਰ ਤੁਹਾਨੂੰ ਪਤਾ ਹੀ ਹੈ ਕਿ ਉਸ ਸਮੇਂ ਅਤੇ ਹੁਣ ਵੀ ਸੋਸ਼ਿਓਲੌਜੀ ਵਿਗਿਆਨਕ ਹੋਣ ਦੀ ਕੋਸ਼ਿਸ਼ ਕਰ ਰਹੀ ਸੀ। ਇਸ ਲਈ ਹਿਸਾਬ ਅਤੇ ਸਾਇੰਸ ਵਿੱਚ ਲਈ ਟ੍ਰੇਨਿੰਗ ਕੋਈ ਰੁਕਾਵਟ ਨਹੀਂ ਸੀ। ਸਗੋਂ ਇਸ ਨੇ ਸ਼ੁਰੂਆਤ ਕਰਨ ਲਈ ਇਕ ਠੀਕ ਪਿਛੋਕੜ ਦਾ ਕੰਮ ਕੀਤਾ।

ਸਵਾਲ: ਮੈਂ ਥੋੜ੍ਹਾ ਜਿਹਾ ਪਿੱਛੇ ਨੂੰ ਜਾਣਾ ਚਾਹੁੰਦਾ ਹਾਂ। ਜਦੋਂ ਤੁਸੀਂ ਪਹਿਲੀ ਵਾਰੀ ਕੈਨੇਡਾ ਆਏ, ਆਪਣੇ ਉਸ ਸਮੇਂ ਦੇ ਤਜਰਬੇ ਬਾਰੇ ਦੱਸੋ? ਤੁਸੀਂ ਕਿਸ ਤਰ੍ਹਾਂ ਮਹਿਸੂਸ ਕੀਤਾ? ਤੁਹਾਡੇ ਕਿਸ ਤਰ੍ਹਾਂ ਦੇ ਪ੍ਰਭਾਵ ਸਨ?

ਜਵਾਬ: ਸਾਨੂੰ ਇਹ ਕਾਫੀ ਵੱਡੀ ਚੁਣੌਤੀ ਲੱਗੀ। ਅਸੀਂ 15-16 ਮਾਰਚ ਨੂੰ ਕੈਨੇਡਾ ਪਹੁੰਚੇ। ਇਹ ਸਨਿਚਰਵਾਰ ਦਾ ਦਿਨ ਸੀ। ਅਸੀਂ ਏਅਰਪੋਰਟ ਤੋਂ ਉਸ ਹੀ ਦਿਨ ਅਸੀਂ ਸਿੱਧੇ ਅਲਾਸਕਾ ਹਾਈਵੇਅ ’ਤੇ ਪੈਂਦੇ ਪਿੰਡ ਸੈਂਗੂਡੋ ਪਹੁੰਚੇ ਜਿਹੜਾ ਕਿ ਇੱਥੋਂ (ਐਡਮੰਟਨ ਤੋਂ) 100 ਮੀਲ ਹੈ। ਉਸ ਰਾਤ ਅਸੀਂ ਉੱਥੇ ਮਿਸਟਰ ਕਪੂਰ ਕੋਲ ਰਹੇ। ਉੱਥੋਂ ਇਕ ਹਾਰਡਵੇਅਰ ਸਟੋਰ ਤੋਂ ਆਪਣੇ ਲਈ ਭਾਂਡੇ ਵਗੈਰਾ ਖ਼੍ਰੀਦੇ। ਸੈਂਗੂਡੋ ਵਾਈਟਕੋਰਟ ਤੋਂ ਵੀ ਛੋਟਾ ਸ਼ਹਿਰ ਸੀ।

ਅਗਲੇ ਦਿਨ ਸਕੂਲ ਬੋਰਡ ਦਾ ਇਕ ਅਧਿਕਾਰੀ ਸਾਨੂੰ ਵਾਈਟਕੋਰਟ ਲੈ ਗਿਆ। ਐਤਵਾਰ ਦੁਪਹਿਰੋਂ ਬਾਅਦ ਅਸੀਂ ਉੱਥੇ ਪਹੁੰਚੇ ਅਤੇ ਸੋਮਵਾਰ ਨੂੰ ਮੈਂ ਹਾਈ ਸਕੂਲ ਵਿੱਚ ਕਲਾਸ ਰੂਮ ਵਿੱਚ ਸੀ। ਇਸ ਲਈ ਸਾਡੇ ਕੋਲ ਇਹ ਸੋਚਣ ਦਾ ਸਮਾਂ ਨਹੀਂ ਸੀ ਕਿ ਕੀ ਹੋ ਰਿਹਾ ਹੈ। ਪਰ ਇਕ ਗੱਲ ਦਾ ਸਾਨੂੰ ਦੋਹਾਂ ਨੂੰ ਬਹੁਤ ਵੱਡਾ ਸ਼ਾਕ ਲੱਗਾ ਜਦੋਂ ਅਸੀਂ ਵਾਈਟਕੋਰਟ ਪਹੁੰਚੇ। ਸਾਨੂੰ ਸਾਡਾ ਛੋਟਾ ਜਿਹਾ ਘਰ ਦਿਖਾਇਆ ਗਿਆ। ਇਸ ਨੂੰ "ਟੀਚਰੇਜ" ਕਿਹਾ ਜਾਂਦਾ ਸੀ। ਇਹ ਸਕੂਲ ਵਿੱਚ ਸੀ, ਸਕੂਲ ਦੇ ਵਿਹੜੇ ਵਿੱਚ, ਜਿੱਥੇ ਅਸੀਂ ਆਪਣੇ ਅਗਾਂਹ ਦੇ ਸਮੇਂ ਲਈ ਰਹਿਣਾ ਸੀ। ਇਹ ਘਰ ਬਹੁਤ ਹੀ ਮਾਮੂਲੀ ਸੀ। ਸੁਰਿੰਦਰ ਨੇ ਪੱਕਾ ਮਨ ਬਣਾ ਲਿਆ ਸੀ ਕਿ ਉਹ ਉੱਥੇ ਨਹੀਂ ਰਹੇਗੀ। ਜੇ ਅਜਿਹਾ ਕਰਨ ਲਈ ਉਸ ਨੂੰ ਵਾਪਸ ਇੰਗਲੈਂਡ ਜਾਣਾ ਪਵੇ ਤਾਂ ਉਹ ਜਾਣ ਨੂੰ ਤਿਆਰ ਸੀ। ਬੱਸ ਉੱਥੇ ਨਹੀਂ ਰਹਿਣਾ ਸੀ।

ਸਕੂਲ ਬੋਰਡ ਦਾ ਉਹ ਅਧਿਕਾਰੀ ਸਾਡੇ ਨਾਲ ਸੀ। ਜਦੋਂ ਉਹ ਸਾਨੂੰ ਉਥੇ ਲੈ ਕੇ ਗਿਆ ਤਾਂ ਉਸ ਨੇ ਸੁਰਿੰਦਰ ਦਾ ਪ੍ਰਤੀਕਰਮ ਦੇਖਿਆ। ਉਸ ਸਮੇਂ ਉਹਨਾਂ ਨੂੰ ਟੀਚਰਾਂ ਦੀ ਬਹੁਤ ਲੋੜ ਸੀ, ਹਾਈ ਸਕੂਲ ਦੇ ਟੀਚਰਾਂ ਦੀ ਬਹੁਤ ਲੋੜ ਸੀ, ਉਨ੍ਹਾਂ ਟੀਚਰਾਂ ਦੀ ਬਹੁਤ ਲੋੜ ਸੀ, ਜਿਹਨਾਂ ਕੋਲ ਯੂਨੀਵਰਸਿਟੀ ਦੀ ਡਿਗਰੀ ਹੋਵੇ। ਉਸ ਸਮੇਂ ਅਲਬਰਟਾ ਦੇ ਬਹੁਤ ਥੋੜ੍ਹੇ ਲੋਕ ਹਾਈ ਸਕੂਲ ਤੱਕ ਪੜ੍ਹੇ ਹੋਏ ਸੀ, ਖਾਸ ਕਰਕੇ ਅਲਬਰਟਾ ਦੇ ਪੇਂਡੂ ਇਲਾਕਿਆਂ ਵਿੱਚ। ਪੂਰੇ ਹਾਈ ਸਕੂਲ ਵਿੱਚ ਇਕ ਹੀ ਅਧਿਆਪਕ ਸੀ, ਜਿਸ ਕੋਲ ਯੂਨੀਵਰਸਿਟੀ ਦੀ ਡਿਗਰੀ ਸੀ ਅਤੇ ਉਹ ਅਧਿਆਪਕ ਸਕੂਲ ਦੀ ਪ੍ਰਿੰਸੀਪਲ ਸੀ। ਇਸ ਲਈ ਉਹ ਚਾਹੁੰਦੇ ਸੀ ਕਿ ਅਸੀਂ ਉੱਥੇ ਰਹੀਏ। ਇਸ ਲਈ ਉਨ੍ਹਾਂ ਨੇ ਸਾਨੂੰ ਕੁਝ ਦਿਨਾਂ ਲਈ ਇਕ ਹੋਟਲ ਵਿੱਚ ਠਹਿਰਾਇਆ ਜਿਹੜਾ ਕਾਫੀ ਪੁਰਾਣਾ ਅਤੇ ਮਾੜਾ ਸੀ ਅਤੇ ਉਸ ਦੇ ਹੇਠਾਂ ਬੀਅਰ ਪਾਰਲਰ ਸੀ ਜਿਸ ਕਰਕੇ ਉੱਥੇ ਰਾਤ ਦੇ ਇਕ ਵਜੇ ਤੱਕ ਰੌਲਾ ਪੈਂਦਾ ਰਹਿੰਦਾ ਸੀ।

ਕੁੱਝ ਦਿਨਾਂ ਬਾਅਦ ਸਕੂਲ ਦੇ ਵਾਈਸ ਪ੍ਰਿੰਸੀਪਲ, ਜਿੰਮ ਕੈਂਡਲ ਨੇ ਸਾਨੂੰ ਆਪਣੇ ਨਾਲ ਠਹਿਰਨ ਦਾ ਸੱਦਾ ਦਿੱਤਾ। ਉਹ ਸਕੂਲ ਦੀ ਬਿਲਕੁਲ ਨਵੀਂ 'ਟੀਚਰੇਜ' ਵਿੱਚ ਰਹਿ ਰਿਹਾ ਸੀ। ਅਸੀਂ ਉਨ੍ਹਾਂ ਨੂੰ ਮਾਮੂਲੀ ਕਿਰਾਇਆ ਦੇਣਾ ਸੀ ਜਾਂ ਸ਼ਾਇਦ ਸਕੂਲ ਬੋਰਡ ਨੇ ਦੇਣਾ ਸੀ। ਮੈਨੂੰ ਨਹੀਂ ਪਤਾ ਇਹ ਕਿਸ ਤਰ੍ਹਾਂ ਹੋਇਆ, ਪਰ ਅਸੀਂ ਉਨ੍ਹਾਂ ਨਾਲ ਦੋ ਹਫਤੇ ਰਹੇ ਅਤੇ ਸਕੂਲ ਬੋਰਡ ਸਾਡੇ ਲਈ 'ਟੀਚਰੇਜ' ਨੂੰ ਠੀਕ ਕਰਨ ਲੱਗਾ। ਉਨ੍ਹਾਂ ਉੱਥੇ ਗਰਮ ਪਾਣੀ ਦਾ ਪ੍ਰਬੰਧ ਕੀਤਾ, ਉੱਥੇ ਟੱਬ ਲਾਇਆ ਅਤੇ ਲੱਕੜ ਦਾ ਪੁਰਾਣਾ ਸਟੋਵ ਬਦਲ ਕੇ ਬਿਜਲੀ ਦਾ ਨਵਾਂ ਸਟੋਵ ਫਿੱਟ ਕੀਤਾ। ਇਸ ਨਾਲ ਇਹ ਸਹਿਣਯੋਗ ਹੋ ਗਿਆ। ਅਜੇ ਵੀ ਇਹ ਕੋਈ ਚੰਗਾ ਮਕਾਨ ਨਹੀਂ ਸੀ। ਅਸੀਂ ਉੱਥੇ ਅਗਲੇ ਢਾਈ ਸਾਲ ਰਹੇ, ਸੰਨ 1963-64 ਦੇ ਅਕਾਦਮਿਕ ਸਾਲ ਦੇ ਅਖੀਰ ਤੱਕ।

ਸਵਾਲ: ਵਿਦਿਆਰਥੀਆਂ ਨੂੰ ਪੜ੍ਹਾਉਣ ਦਾ ਤਜਰਬਾ ਕਿਸ ਤਰ੍ਹਾਂ ਦਾ ਸੀ?

ਜਵਾਬ: ਉਹ ਅਸਲ ਵਿੱਚ ਬਹੁਤ ਵਧੀਆ ਸੀ। ਮੈਂ ਉਸ ਸਮੇਂ 29 ਸਾਲਾਂ ਦਾ ਨੌਜਵਾਨ ਸੀ। ਮੈਨੂੰ ਵਿਦਿਆਰਥੀਆਂ ਨਾਲ, ਨੌਜਵਾਨਾਂ ਨਾਲ, ਨੌਜਵਾਨ ਵਿਦਿਆਰਥੀਆਂ ਨਾਲ ਕੰਮ ਕਰਨਾ ਚੰਗਾ ਲੱਗਦਾ ਸੀ, ਅਤੇ ਉਹ ਵੀ ਮੈਨੂੰ ਪਸੰਦ ਕਰਦੇ ਸਨ। ਬੇਸ਼ੱਕ ਮੈਂ ਵੱਖ ਵੱਖ ਜਮਾਤਾਂ ਦੇ ਵਿਦਿਆਰਥੀਆਂ ਨੂੰ ਪੜ੍ਹਾਉਂਦਾ ਸੀ, ਪਰ ਮੈਂ ਗਿਆਰਵੀਂ ਜਮਾਤ ਦਾ ਇਨਚਾਰਜ ਸੀ। ਉਹ ਵਿਦਿਆਰਥੀ ਇਕ ਜਵਾਨ ਅਧਿਆਪਕ ਨੂੰ ਦੇਖ ਕੇ ਬਹੁਤ ਖੁਸ਼ ਹੋਏ। ਜਿਸ ਬੰਦੇ ਦੀ ਥਾਂ ਮੈਂ ਆਇਆ ਸੀ, ਉਹ 81 ਜਾਂ 82 ਸਾਲਾਂ ਦਾ ਸੀ। ਜੇ ਮੈਨੂੰ ਠੀਕ ਯਾਦ ਹੈ ਤਾਂ ਉਸ ਦਾ ਨਾਂ ਮਿਸਟਰ ਗਰੀਨ ਸੀ। ਹੋ ਸਕਦਾ ਹੈ ਕਿ ਆਪਣੀ ਜਵਾਨੀ ਵੇਲੇ ਉਹ ਬਹੁਤ ਵਧੀਆ ਅਧਿਆਪਕ ਰਿਹਾ ਹੋਵੇ, ਪਰ ਉਸ ਸਮੇਂ 81 ਸਾਲ ਦੀ ਉਮਰ ਵਿੱਚ ਉਹ ਕਾਫੀ ਕਮਜ਼ੋਰ ਸੀ। ਉਹ ਕਲਾਸ ਵਿੱਚ ਪੂਰਾ ਸਮਾਂ ਜਾਗਦਾ ਹੀ ਨਹੀਂ ਰਹਿ ਸਕਦਾ ਸੀ। ਇਸ ਲਈ ਵਿਦਿਆਰਥੀਆਂ ਲਈ ਮੇਰੇ ਉੱਥੇ ਆਉਣਾ ਇਕ ਤਾਜ਼ੀ ਹਵਾ ਦਾ ਬੁੱਲਾ ਸੀ ਅਤੇ ਮੈਨੂੰ ਵੀ ਵਿਦਿਆਰਥੀ ਪਸੰਦ ਸਨ। ਮੈਂ ਉਹਨਾਂ ਨਾਲ ਬਹੁਤ ਸੋਹਣਾ ਰਿਸ਼ਤਾ ਕਾਇਮ ਕਰ ਲਿਆ ਸੀ। ਅਸਲ ਵਿੱਚ ਅਗਲੇ ਕੁੱਝ ਸਾਲਾਂ ਵਿੱਚ ਜਿਹੜੀ ਗੱਲ ਨੇ ਮੈਨੂੰ ਇਸ ਤਰ੍ਹਾਂ ਦੇ ਪਛੜੇ ਹੋਏ ਸਕੂਲ ਵਿੱਚ ਪੜ੍ਹਾਉਣ ਬਦਲੇ ਤਸੱਲੀ ਦਾ ਅਹਿਸਾਸ ਕਰਵਾਇਆ, ਉਹ ਇਹ ਸੀ ਕਿ ਉਸ ਸਕੂਲ ਦੇ ਇਤਿਹਾਸ ਵਿੱਚ ਪਹਿਲੀ ਵਾਰ ਮੇਰੇ 5-6 ਵਿਦਿਆਰਥੀਆਂ ਨੇ ਚੰਗੇ ਨੰਬਰਾਂ ਵਿੱਚ ਮੈਟਰਿਕ ਪਾਸ ਕੀਤੀ ਅਤੇ ਮੈਟਰਿਕ ਕਰਨ ਤੋਂ ਬਾਅਦ ਯੂਨੀਵਰਸਿਟੀ ਵਿੱਚ ਡਿਗਰੀ ਕਰਨ ਲਈ ਗਏ।

ਇਸ ਤਰ੍ਹਾਂ ਇਹ ਇਕ ਕਾਮਯਾਬ ਤਜਰਬਾ ਸੀ। ਇਹ ਬੜਾ ਚੰਗਾ ਤਜਰਬਾ ਸੀ। ਮੇਰੀ ਬਹੁਤ ਜ਼ਿਆਦਾ ਕਦਰ ਕੀਤੀ ਜਾਂਦੀ ਸੀ, ਅਸਲ ਵਿੱਚ ਸਾਡੇ ਦੋਹਾਂ ਦੀ ਚੰਗੀ ਕਦਰ ਕੀਤੀ ਜਾਂਦੀ ਸੀ। ਇਹ ਇਕ ਛੋਟਾ ਜਿਹਾ ਸ਼ਹਿਰ ਸੀ, ਅਤੇ ਜਿਸ ਬੰਦੇ ਕੋਲ ਇਕ ਜਾਂ ਦੋ ਡਿਗਰੀਆਂ ਹੋਣ, ਉਸ ਵੱਲ ਧਿਆਨ ਦਿੱਤਾ ਜਾਂਦਾ ਸੀ, ਰੰਗ ਦਾ ਭੇਦ ਭਾਦ ਕੀਤੇ ਬਿਨਾਂ। ਅਤੇ ਕਈ ਤਰ੍ਹਾਂ ਦੇ ਅਜਿਹੇ ਬੰਦੇ ਵੀ ਸਨ, ਜਿਹਨਾਂ ਨੂੰ ਅਸੀਂ ਅਜੀਬ ਲੱਗਦੇ ਸੀ। ਖਾਸ ਕਰਕੇ ਸੁਰਿੰਦਰ ਕਿਉਂਕਿ ਉਸ ਵੇਲੇ ਸਾੜ੍ਹੀ ਪਾਉਂਦੀ ਸੀ ਜਾਂ ਸਲਵਾਰ ਕਮੀਜ਼। ਪਰ ਬਹੁਤ ਛੇਤੀ ਹੀ ਲੋਕ ਸਾਡੇ ਉੱਥੇ ਹੋਣ ਦੀ ਕਦਰ ਕਰਨ ਲੱਗੇ ਕਿਉਂਕਿ ਅਸੀਂ ਇਕ ਛੋਟੇ ਜਿਹੇ ਕਸਬੇ, ਛੋਟੇ ਜਿਹੇ ਪਿੰਡ ਵਿੱਚ ਸੀ। ਇਕ ਅਧਿਆਪਕ ਵੱਜੋਂ ਤੁਹਾਡੀ ਕੀਰਤੀ ਛੇਤੀਂ ਹੀ ਫੈਲ ਜਾਂਦੀ ਹੈ, ਇਸ ਲਈ ਲੋਕ ਠੀਕ ਠਾਕ ਅਤੇ ਦੋਸਤਾਨਾ ਸਨ।

ਅਸੀਂ ਕਿਸਮਤ ਵਾਲੇ ਸੀ ਕਿ ਸਾਡੀ ਇਕ ਆਪਣੀ ਉਮਰ ਦੇ ਨੌਜਵਾਨ ਜੋੜੇ ਨਾਲ ਦੋਸਤੀ ਹੋ ਗਈ। ਉਸ ਬੰਦੇ ਦਾ ਨਾਂ ਫੌਰੈਸਟਰ ਸੀ। ਉਹ ਡੱਚ ਪਿਛੋਕੜ ਦਾ ਸੀ। ਉਹ ਕੁੱਝ ਸਮਾਂ ਇੰਡੋਨੇਸ਼ੀਆ ਵਿੱਚ ਰਿਹਾ ਸੀ, ਪਰ ਅਜ਼ਾਦੀ ਤੋਂ ਬਾਅਦ ਉੱਥੋਂ ਬਾਹਰ ਆ ਗਿਆ ਸੀ। ਇਸ ਤਰ੍ਹਾਂ ਉਸ ਨੂੰ ਏਸ਼ੀਆ ਬਾਰੇ ਥੋੜ੍ਹੀ ਜਿਹੀ ਜਾਣਕਾਰੀ ਸੀ। ਉਸ ਨੂੰ ਥੋੜ੍ਹਾ ਬਹੁਤ ਬਸਤੀਵਾਦੀ ਢਾਂਚਿਆਂ ਦਾ ਗਿਆਨ ਸੀ ਅਤੇ ਉਸ ਨੇ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਤੋਂ ਫੌਰੈਸਟਰੀ (ਜੰਗਲਾਤ ਦੀ ਪੜ੍ਹਾਈ) ਵਿੱਚ ਡਿਗਰੀ ਕੀਤੀ ਹੋਈ ਸੀ। ਉਸ ਦੀ ਪਤਨੀ ਦਾ ਨਾਂ ਡੌਰਿਸ ਸੀ ਅਤੇ ਉਨ੍ਹਾਂ ਦੇ ਉਸ ਸਮੇਂ ਤਿੰਨ ਜਾਂ ਚਾਰ ਬੱਚੇ ਸਨ। ਸ਼ਾਇਦ ਦੋ ਜਾਂ ਤਿੰਨ ਬੱਚੇ। ਉਹ ਮਕਲਿਓਡ ਰਿਵਰ ਵਿਖੇ ਇਕ ਛੋਟੇ ਅਤੇ ਸੁਹਣੇ ਕੰਟਰੀ ਹਾਊਸ ਵਿੱਚ ਰਹਿੰਦੇ ਸਨ।

ਜਦੋਂ ਅਸੀਂ ਉੱਥੇ ਗਏ, ਉਦੋਂ ਉਹ ਪਹਿਲੇ ਜਾਂ ਦੂਸਰੇ ਦਿਨ ਸਾਨੂੰ ਮਿਲਣ ਲਈ ਆਏ। ਉਹਨਾਂ ਨੇ ਆ ਕੇ ਸਾਡਾ ਦਰਵਾਜ਼ਾ ਖੜਕਾਇਆ ਅਤੇ ਆਪਣੀ ਜਾਣ-ਪਛਾਣ ਕਰਵਾਈ। ਉਹ ਕਹਿੰਦੇ, "ਸਾਨੂੰ ਪਤਾ ਲੱਗਾ ਸੀ ਕਿ ਤੁਸੀਂ ਇੱਥੇ ਆਏ ਹੋ। ਅਸੀਂ ਤੁਹਾਨੂੰ ਮਿਲਣਾ ਚਾਹੁੰਦੇ ਸੀ।" ਉਨ੍ਹਾਂ ਅਗਲੇ ਵੀਕ ਇੰਡ 'ਤੇ ਸਾਨੂੰ ਆਪਣੇ ਘਰ ਖਾਣੇ 'ਤੇ ਸੱਦਿਆ। ਇਸ ਲਈ ਅਸੀਂ ਉਸ ਹੀ ਸਮੇਂ ਤੋਂ ਉਨ੍ਹਾਂ ਦੇ ਬਹੁਤ ਨਜ਼ਦੀਕੀ ਦੋਸਤ ਬਣ ਗਏ। ਇਸ ਨਾਲ ਵਾਈਟਕੋਰਟ ਵਿੱਚ ਸਾਡਾ ਤਜਰਬਾ ਸੁਹਾਣਾ ਬਣ ਗਿਆ। ਸਕੂਲ ਦਾ ਸਟਾਫ ਬਹੁਤ ਚੰਗਾ ਸੀ, ਅਤੇ ਸਾਡੇ ਨਾਲ 20 ਹੋਰ ਅਧਿਆਪਕ ਕੰਮ ਕਰਦੇ ਸੀ। ਇਸ ਲਈ ਇਹ ਔਖਾ ਨਹੀਂ ਨਹੀਂ ਸੀ। ਜਦੋਂ ਤੁਸੀਂ ਕਿਸੇ ਨਵੇਂ ਮੁਲਕ ਵਿੱਚ ਆਪਣੀ ਜ਼ਿੰਦਗੀ ਸ਼ੁਰੂ ਕਰੋ ਤਾਂ ਛੋਟੇ ਕਸਬੇ ਵਿੱਚ ਹੋਣ ਦੇ ਕੁੱਝ ਫਾਇਦੇ ਹੁੰਦੇ ਹਨ, ਬਸ਼ਰਤੇ ਕਿ ਤੁਹਾਡੇ ਕੰਮ ਦਾ ਦਰਜਾ ਉੱਚਾ ਹੋਵੇ ਤਾਂ ਕਿ ਲੋਕ ਤੁਹਾਡੇ ਰੁਤਬੇ ਕਰ ਕੇ ਤੁਹਾਡੀ ਇੱਜ਼ਤ ਕਰਨ। ਮੇਰਾ ਖਿਆਲ ਹੈ ਕਿ ਇਸ ਨਾਲ ਫਾਇਦਾ ਹੁੰਦਾ ਹੈ।

ਸਵਾਲ: ਠੀਕ ਹੈ, ਹੁਣ ਆਪਾਂ ਮੁੜ ਕੇ ਤੁਹਾਡੇ ਯੂਨੀਵਰਸਿਟੀ ਦੇ ਤਜਰਬੇ ਬਾਰੇ ਗੱਲ ਕਰਦੇ ਹਾਂ। ਤੁਹਾਡਾ ਉੱਥੇ ਕਿਸ ਤਰ੍ਹਾਂ ਦਾ ਤਜਰਬਾ ਰਿਹਾ?

ਜਵਾਬ: ਇਹ ਬਹੁਤ ਵਧੀਆ ਸੀ। ਗ੍ਰੈਜੂਏਟ ਪ੍ਰੋਗਰਾਮ ਦੇ ਹਿਸਾਬ ਨਾਲ ਇਹ ਯੂਨੀਵਰਸਿਟੀ ਅਜੇ ਨਵੀਂ ਸੀ। ਇਸ ਲਈ ਉਹ ਗ੍ਰੈਜੂਏਟ ਦੀ ਪੜ੍ਹਾਈ ਲਈ ਹੋਣਹਾਰ ਵਿਦਿਆਰਥੀਆਂ ਨੂੰ ਖਿੱਚਣ ਦੀ ਕੋਸ਼ਿਸ਼ ਕਰਦੇ ਸੀ। ਇਸ ਲਈ ਉਹ ਤੁਹਾਨੂੰ ਕਾਫੀ ਚੰਗੇ ਚੰਗੇ ਵਜੀਫੇ, ਅਤੇ ਸਹੂਲਤਾਂ ਦਿੰਦੇ ਸੀ। ਪੜ੍ਹਾਉਣ ਵਾਲੇ ਸਟਾਫ ਦੀ ਗਿਣਤੀ ਵੱਧ ਰਹੀ ਸੀ। ਉਹ ਚੰਗੀਆਂ ਯੂਨੀਵਰਸਿਟੀਆਂ ਦੇ ਪਿਛੋਕੜ ਵਾਲੇ ਅਤੇ ਕਾਬਲ ਲੋਕਾਂ ਨੂੰ ਰੱਖਣ ਦੀ ਕੋਸ਼ਿਸ਼ ਕਰ ਰਹੇ ਸੀ। ਇਸ ਲਈ ਬੌਧਿਕ ਪੱਧਰ 'ਤੇ ਯੂਨੀਵਰਸਿਟੀ ਦਾ ਮਾਹੌਲ ਕਾਫੀ ਉਤੇਜਨਾ ਵਾਲਾ ਸੀ। ਇਸ ਲਈ ਗ੍ਰੈਜੂਏਟ ਵਿਦਿਆਰਥੀ ਵੱਜੋਂ ਆਉਣ ਲਈ ਇਹ ਇਕ ਚੰਗੀ ਥਾਂ ਸੀ। ਬਹੁਤ ਸਾਰੇ ਵਿਦੇਸ਼ੀ ਵਿਦਿਆਰਥੀ ਯੂਨੀਵਰਸਿਟੀ ਵਿੱਚ ਆ ਰਹੇ ਸੀ। ਬਹੁਤ ਸਾਰੇ ਵਿਦਿਆਰਥੀ ਹਿੰਦੁਸਤਾਨ ਤੋਂ ਵੀ ਆਏ ਹੋਏ ਸਨ। ਅਸੀਂ ਬਹੁਤ ਸਾਰੇ ਵਿਦੇਸ਼ੀ ਵਿਦਿਆਰਥੀਆਂ, ਖਾਸ ਕਰਕੇ ਹਿੰਦੁਸਤਾਨ ਦੇ ਸਾਰੇ ਹਿੱਸਿਆਂ ਤੋਂ ਆਉਣ ਵਾਲੇ

ਵਿਦਿਆਰਥੀਆਂ, ਨੂੰ ਮਿਲੇ ਅਤੇ ਉਨ੍ਹਾਂ ਦੇ ਦੋਸਤ ਬਣ ਗਏ। ਕੈਂਪਸ ਵਿੱਚ ਇੰਡੀਅਨ ਸਟੂਡੈਂਟ ਐਸੋਸੀਏਸ਼ਨ ਕਾਫੀ ਸਰਗਰਮ ਸੀ। ਸ਼ਹਿਰ ਵਿੱਚ ਵੀ ਭਾਰਤੀ ਭਾਈਚਾਰੇ ਦੀ ਗਿਣਤੀ ਵੱਧ ਰਹੀ ਸੀ, ਖਾਸ ਕਰਕੇ ਗਰਮੀਆਂ ਵਿੱਚ। ਵੱਖ ਵੱਖ ਥਾਂਵਾਂ ਤੋਂ ਲੋਕ ਇੱਥੇ ਆ ਰਹੇ ਸੀ, ਅਧਿਆਪਕ ਪੜ੍ਹਾਉਣ ਲਈ ਆ ਰਹੇ ਸਨ ਅਤੇ ਇੰਜਨੀਅਰ ਵੀ ਆ ਰਹੇ ਸਨ। ਇਸ ਲਈ ਅਸੀਂ ਉਨ੍ਹਾਂ ਸੱਭ ਨੂੰ ਮਿਲਦੇ ਸੀ। ਕਈ ਤਰ੍ਹਾਂ ਦੇ ਸਮਾਜਕ ਸਮਾਗਮ ਹੋ ਰਹੇ ਸਨ। ਅਸੀਂ ਭਾਰਤੀ ਭਾਈਚਾਰੇ ਵਿੱਚ ਵੀ ਸਰਗਰਮ ਹੋ ਗਏ। ਇੱਧਰ ਉੱਧਰ ਛੋਟੀਆਂ ਛੋਟੀਆਂ ਸੰਸਥਾਂਵਾਂ ਬਣਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਸਨ। ਇਸ ਲਈ ਇਹ ਕਾਫੀ ਦਿਲਚਸਪ ਅਤੇ ਉਤੇਜਨਾ ਭਰਪੂਰ ਤਜਰਬਾ ਸੀ।

ਸਵਾਲ: ਉਸ ਸਮੇਂ ਸਥਾਨਕ ਇੰਡੋ-ਕੈਨੇਡੀਅਨ ਕਮਿਊਨਿਟੀ ਕਿੰਨੀ ਕੁ ਵੱਡੀ ਸੀ?

ਜਵਾਬ: ਜਦੋਂ ਅਸੀਂ ਇੱਥੇ ਆਏ, ਮੇਰੇ ਖਿਆਲ ਵਿੱਚ ਉਦੋਂ ਇੱਥੇ 15-20 ਲੋਕ ਹੋਣਗੇ ਅਤੇ ਨਾਲ 25-30 ਵਿਦਿਆਰਥੀ। ਜੇ ਤੁਸੀਂ ਸਾਡੇ ਵਾਂਗ ਆਏ ਇੰਮੀਗ੍ਰੈਂਟਾਂ ਅਤੇ ਵਿਦਿਆਰਥੀ ਵੀਜ਼ੇ ’ਤੇ ਆਏ ਵਿਦਿਆਰਥੀਆਂ ਅਤੇ ਯੂਨੀਵਰਸਿਟੀ ਵਿੱਚ ਅਧਿਆਪਕਾਂ ਵੱਜੋਂ ਆਏ ਕੁੱਝ ਕੁ ਭਾਰਤੀ ਲੋਕਾਂ ਨੂੰ ਮਿਲਾ ਕੇ ਦੇਖੋ ਤਾਂ ਉਸ ਸਮੇਂ ਤਕਰੀਬਨ 50 ਕੁ ਲੋਕ ਹੋਣਗੇ। ਇਸ ਲਈ ਸਾਰਿਆਂ ਨੂੰ ਜਾਣਨਾ ਬਹੁਤ ਸੌਖਾ ਸੀ।

ਸਵਾਲ: ਕਮਿਊਨਿਟੀ ਦੇ ਸਮਾਗਮ ਕਿਸ ਤਰ੍ਹਾਂ ਦੇ ਹੁੰਦੇ ਸਨ?

ਜਵਾਬ: ਬਹੁਤਾ ਕਰਕੇ ਸਭਿਆਚਾਰਕ ਪ੍ਰੋਗਰਾਮ। ਮੇਰੇ ਖਿਆਲ ਵਿੱਚ ਸਾਡਾ ਇਕ ਵੱਡਾ ਫਿਕਰ ਇਹ ਸੀ ਕਿ ਕੈਨੇਡਾ ਦੇ ਲੋਕਾਂ ਨੂੰ ਸਾਡੇ ਬਾਰੇ ਬਹੁਤ ਜ਼ਿਆਦਾ ਪਤਾ ਨਹੀਂ ਸੀ। ਉਹ ਸਾਨੂੰ ਅੰਗਰੇਜ਼ਾਂ ਦੇ ਗੁਲਾਮ ਮੁਲਕ ਤੋਂ ਆਏ ਲੋਕਾਂ ਦੀ ਤਰ੍ਹਾਂ ਦੇਖਦੇ ਸਨ। ਉਹ ਸਾਨੂੰ ਰੰਗਦਾਰ ਲੋਕਾਂ ਵਾਂਗ ਦੇਖਦੇ ਸਨ। ਉਨ੍ਹਾਂ ਦੀ ਸਾਡੇ ਬਾਰੇ ਸਮਝ ਨਸਲਵਾਦੀ ਸੀ। ਇਸ ਲਈ ਮਸਲਾ ਆਪਣੇ ਨਵੇਂ ਕੈਨੇਡੀਅਨ, ਹਮਵਤਨੀਆਂ, ਨੂੰ ਆਪਣੇ ਬਾਰੇ ਸਿੱਖਿਅਤ ਕਰਨ ਦਾ ਸੀ। ਇਸ ਲਈ ਡਿਨਰ, ਸਭਿਆਚਾਰਕ ਸਮਾਗਮ, ਨਾਚ ਅਤੇ ਸੰਗੀਤ ਦੇ ਪ੍ਰੋਗਰਾਮ ਹੁੰਦੇ ਸਨ। ਵਿਦਿਆਰਥੀਆਂ ਦੀ ਜਥੇਬੰਦੀ ਨੇ ਇਕ ਬਹੁਤ ਹੀ ਮਹੱਤਵਪੂਰਨ ਭੂਮਿਕਾ ਨਿਭਾਈ। ਗੁਰਦੁਵਾਰੇ ਖੋਲ੍ਹੇ ਗਏ। ਕੁੱਝ ਲੋਕ ਦੂਜੇ ਸਮਾਗਮਾਂ ਦੇ ਮੁਕਾਬਲੇ ਇਨ੍ਹਾਂ ਵਿੱਚ ਜ਼ਿਆਦਾ ਦਿਲਚਸਪੀ ਲੈਂਦੇ ਸਨ। ਪਰ ਇਹ ਸਭ ਕੁੱਝ ਮੁੱਖ ਤੌਰ ’ਤੇ ਸਭਿਆਚਾਰਕ ਅਤੇ ਸਮਾਜਕ ਸਮਾਗਮ ਸਨ।

ਬਹੁਤ ਵਾਰ ਸਾਨੂੰ ਕੈਨੇਡੀਅਨ ਸੰਸਥਾਂਵਾਂ ਵੱਲੋਂ ਕਮਿਊਨਿਟੀ ਮੀਟਿੰਗਾਂ ਲਈ ਸੱਦਿਆ ਜਾਂਦਾ ਸੀ। ਜਿਵੇਂ ਲਾਇਨਜ਼ ਕਲੱਬ ਜਾਂ ਯੂਨਾਈਟਿਡ ਨੇਸ਼ਨਜ਼ ਕਲੱਬ ਵੱਲੋਂ । ਮੈਨੂੰ ਇਹ ਦੋ ਨਾਂ ਹੀ ਯਾਦ ਹਨ। ਇਹ ਸੰਸਥਾਂਵਾਂ ਸਾਨੂੰ ਭਾਸ਼ਣ ਦੇਣ ਲਈ ਸੱਦਦੀਆਂ ਸਨ।

*(ਰਾਜ ਪੰਨੂ ਦੀ ਪਤਨੀ ਸੁਰਿੰਦਰ ਇੱਥੇ ਇਹ ਦੱਸਦੇ ਹਨ: ਜਦੋਂ ਅਸੀਂ ਵਾਈਟਕੋਰਟ ਵਿੱਚ ਸੀ, ਤਾਂ ਦੂਜੇ ਦਿਨ ਮੰਗਲਵਾਰ ਨੂੰ ਹੋਮ-ਸਕੂਲ ਮੀਟਿੰਗ ਸੀ ਜਿਸ ਵਿੱਚ ਉਹ ਨੌਜਵਾਨ ਲੋਕਾਂ ਲਈ ਰਾਤ ਨੂੰ ਬਾਹਰ ਰਹਿਣ ਦੇ ਸਮੇਂ ਬਾਰੇ ਕਰਫਿਊ ਦਾ ਟਾਇਮ ਨਿਸ਼ਚਿਤ ਕਰਨ ਬਾਰੇ ਵਿਚਾਰ ਕਰ ਰਹੇ ਸਨ। ਅਤੇ ਉਨ੍ਹਾਂ ਵਿੱਚੋਂ ਕਿਸੇ ਨੇ ਰਾਜ ਨੂੰ ਪੁੱਛਿਆ ਕਿ 'ਤੁਸੀਂ ਇਸ ਸਮੱਸਿਆ ਨਾਲ ਕਿਉਂ ਨਿਪਟਦੇ ਹੋ?" ਇਹ ਉੱਠੇ ਅਤੇ ਬੋਲੇ, "ਸਾਡੇ ਇਹ ਸਮੱਸਿਆਵਾਂ ਨਹੀਂ ਹਨ। ਸਾਡੇ ਨੌਜਵਾਨ ਬੱਚੇ, ਖਾਸ ਕਰਕੇ ਕੁੜੀਆਂ, ਰਾਤ ਨੂੰ ਬਾਹਰ ਨਹੀਂ ਜਾਂਦੀਆਂ। ਇਸ ਲਈ ਸਾਡੇ ਇਹ ਸਮੱਸਿਆ ਨਹੀਂ ਹੈ।" ਅਤੇ ਉਹ ਸਾਰੇ ਇਨ੍ਹਾਂ ਵੱਲ ਦੇਖਣ ਲੱਗੇ ਬਈ, "ਇਹ ਕੀ ਕਹਿ ਰਿਹਾ ਹੈ? ਨੌਜਵਾਨ ਕੁੜੀਆਂ ਬਾਹਰ ਨਹੀਂ ਜਾ ਸਕਦੀਆਂ?" ਇਹ ਉਨ੍ਹਾਂ ਲਈ ਨਵੀਂ ਗੱਲ ਸੀ।)*

ਸਵਾਲ: ਜਦੋਂ ਤੁਸੀਂ ਆਪਣੀ ਡਿਗਰੀ ਖਤਮ ਕਰ ਲਈ ਤਾਂ ਫਿਰ ਕੀ ਹੋਇਆ? ਪਹਿਲਾਂ ਇਹ ਦੱਸੋ ਕਿ ਤੁਸੀਂ ਆਪਣੀ ਡਿਗਰੀ ਖਤਮ ਕਦੋਂ ਕੀਤੀ?

ਜਵਾਬ: ਮੈਂ ਆਪਣੀ ਡਿਗਰੀ 1973 ਵਿੱਚ ਖਤਮ ਕੀਤੀ, ਪਰ ਮੈਂ ਆਪਣਾ ਪੀ ਐੱਚ ਡੀ ਦਾ ਕੰਮ, ਬਹੁਤ ਸਾਰਾ, 1968 ਦੇ ਅਪ੍ਰੈਲ ਮਹੀਨੇ ਵਿੱਚ ਖਤਮ ਕਰ ਲਿਆ ਸੀ। ਮੈਂ ਆਪਣੇ ਥੀਸਿਸ ਲਈ ਫੀਲਡ ਰਿਸਰਚ ਮੁਕਾ ਲਈ ਸੀ। ਮੈਂ ਆਪਣਾ ਥੀਸਿਸ ਲਿਖਣਾ ਸ਼ੁਰੂ ਕਰ ਦਿੱਤਾ ਸੀ, ਪਰ ਉਨ੍ਹਾਂ ਦਿਨਾਂ ਵਿੱਚ ਨੌਕਰੀਆਂ ਸੌਖੀਆਂ ਹੀ ਲੱਭ ਜਾਂਦੀਆਂ ਸਨ। ਯੂਨੀਵਰਸਿਟੀ ਦੇ ਪ੍ਰੋਫੈਸਰਾਂ ਦੀ ਬਹੁਤ ਜ਼ਿਆਦਾ ਮੰਗ ਸੀ। ਇਸ ਲਈ ਮੈਨੂੰ ਟਰਾਂਟੋ ਦੀ ਯੌਰਕ ਯੂਨੀਵਰਸਿਟੀ ਵਿੱਚ ਨੌਕਰੀ ਮਿਲ ਗਈ ਅਤੇ ਅਸੀਂ ਸੰਨ 1968 ਦੇ ਜੁਲਾਈ ਜਾਂ ਅਗਸਤ ਵਿੱਚ ਟਰਾਂਟੋ ਮੂਵ ਹੋ ਗਏ ਅਤੇ ਸਤੰਬਰ ਵਿੱਚ ਉੱਥੇ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਉਸ ਕਰਕੇ ਮੇਰੇ ਵੱਲੋਂ ਥੀਸਿਸ ਲਿਖਣ ਵਿੱਚ ਦੇਰ ਹੋ ਗਈ। ਕਿਉਂਕਿ ਜਦੋਂ ਤੁਸੀਂ ਨਵੇਂ ਪ੍ਰੋਫੈਸਰ, ਯੂਨੀਵਰਸਿਟੀ ਦੇ ਲੈਕਚਰਾਰ ਹੁੰਦੇ ਹੋ, ਉਸ ਵੇਲੇ ਤੁਹਾਡੀ ਪਹਿਲੀ ਤਰਜੀਹ ਆਪਣੀ ਨਿਤ-ਪ੍ਰਤੀ ਦੀਆਂ ਸਰਗਰਮੀਆਂ ਵੱਲ ਧਿਆਨ ਦੇਣਾ ਹੁੰਦਾ ਹੈ।

ਇਸ ਲਈ ਮੇਰਾ ਥੀਸਿਸ 1972 ਦੇ ਅਖੀਰ ਤੱਕ ਖਤਮ ਨਹੀਂ ਹੋਇਆ। ਮੈਂ ਇਸ ਨੂੰ 1973 ਦੀ ਜਨਵਰੀ ਜਾਂ ਫਰਵਰੀ ਵਿੱਚ ਡਿਫੈਂਡ ਕੀਤਾ। ਰਸਮੀ ਤੌਰ 'ਤੇ ਮੇਰੀ ਪੀ ਐੱਚ ਡੀ ਉਦੋਂ ਖਤਮ ਹੋਈ, ਪਰ ਮੈਂ 1968 ਵਿੱਚ ਇਕ ਫੁੱਲ ਟਾਇਮ ਫੈਕਲਟੀ ਮੈਂਬਰ ਵੱਜੋਂ ਪੜ੍ਹਾਉਣਾ ਸ਼ੁਰੂ ਕਰ ਦਿੱਤਾ ਸੀ।

ਸਵਾਲ: ਫਿਰ ਤੁਸੀਂ ਅਲਬਰਟਾ ਵਿੱਚ ਕਦੋਂ ਵਾਪਸ ਆਏ?

ਜਵਾਬ: 1969 ਵਿੱਚ। ਜਦੋਂ ਅਸੀਂ ਉੱਥੇ (ਟਰਾਂਟੋ) ਗਏ, ਉਦੋਂ ਸੁਰਿੰਦਰ ਪਹਿਲਾਂ ਹੀ ਐਡਮੰਟਨ ਦੇ ਸਰਕਾਰੀ ਸਕੂਲ ਸਿਸਟਮ ਵਿੱਚ ਪੜ੍ਹਾ ਰਹੀ ਸੀ। ਉਸ ਦੀ ਨੌਕਰੀ ਪੱਕੀ ਸੀ। ਇਸ ਲਈ ਉਸ ਨੇ ਇਕ ਸਾਲ ਦੀ ਛੁੱਟੀ ਲਈ ਸੀ, ਇਹ ਸੋਚ ਕੇ ਕਿ ਟਰਾਂਟੋ ਜਾ ਕੇ ਉਹ, ਉੱਥੇ ਟੀਚਰ ਦਾ ਸਰਟੀਫਿਕੇਟ ਲੈ ਲਵੇਗੀ ਅਤੇ ਉਹਨੂੰ ਉੱਥੇ ਪੜ੍ਹਾਉਣ ਦਾ ਕੰਮ ਮਿਲ ਜਾਵੇਗਾ। ਉਹ ਘਰ ਨਹੀਂ ਰਹਿਣਾ ਚਾਹੁੰਦੀ ਸੀ। ਉਸ ਸਮੇਂ ਸਾਡੇ ਕੋਈ ਬੱਚਾ ਨਹੀਂ ਸੀ, ਅਤੇ ਉਹ ਪੜ੍ਹਾਉਣ ਦੇ ਪੂਰੀ ਤਰ੍ਹਾਂ ਯੋਗ ਸੀ। ਉਸ ਨੇ ਇੱਥੋਂ ਇਕ ਹੋਰ ਬੀ ਐੱਡ ਦੀ ਡਿਗਰੀ ਕਰ ਲਈ ਸੀ। ਉਹਦੇ ਕੋਲ ਇੰਡੀਆ ਤੋਂ ਦੋ ਬੀ ਐੱਡ ਦੀਆਂ ਡਿਗਰੀਆਂ ਸਨ। ਉਸ ਨੇ ਉੱਥੇ (ਇੰਡੀਆ ਤੋਂ) ਐੱਮ ਏ ਕੀਤੀ ਹੋਈ ਸੀ। ਇਸ ਤਰ੍ਹਾਂ ਉਸ ਕੋਲ ਬੀ ਐੱਡ ਦੀਆਂ ਤਿੰਨ ਡਿਗਰੀਆਂ ਸਨ। ਇਸ ਲਈ ਉਹ ਕਹਿੰਦੀ, "ਮੈਂ ਘਰ ਰਹਿ ਕੇ ਸਾਰਾ ਦਿਨ ਤੁਹਾਡੀ ਉਡੀਕ ਨਹੀਂ ਕਰਨਾ ਚਾਹੁੰਦੀ।" ਉਹਦੀ ਗੱਲ ਕਾਫੀ ਠੀਕ ਵੀ ਸੀ। ਪਰ ਉਸ ਨੂੰ ਟਰਾਂਟੋ ਵਿੱਚ ਉਸ ਇਕ ਸਾਲ ਦੇ ਦੌਰਾਨ ਪੜ੍ਹਾਉਣ ਦੀ ਪੱਕੀ ਨੌਕਰੀ ਨਾ ਮਿਲੀ। ਇੱਥੇ (ਐਡਮੰਟਨ ਵਿੱਚ) ਸਕੂਲ ਬੋਰਡ ਵਾਲੇ ਇਹ ਜਾਣਨਾ ਚਾਹੁੰਦੇ ਸਨ ਕਿ ਕੀ ਉਹ ਵਾਪਸ ਆ ਰਹੀ ਹੈ ਜਾਂ ਨਹੀਂ। ਉਹ ਜਾਣਨਾ ਚਾਹੁੰਦੇ ਸੀ ਕਿ ਜੇ ਉਹ ਵਾਪਸ ਨਹੀਂ ਆ ਰਹੀ ਤਾਂ ਕੀ ਉਹ ਉਸ ਦੀ ਥਾਂ ਕੋਈ ਨਵਾਂ ਟੀਚਰ ਰੱਖ ਲੈਣ।

ਇਸ ਲਈ ਉਨ੍ਹਾਂ ਨੇ ਉਸ ਨੂੰ ਇਕ ਨੋਟਿਸ ਭੇਜਿਆ। ਮੇਰਾ ਖਿਆਲ ਹੈ ਕਿ ਇਹ ਉਸ ਸਾਲ ਮਾਰਚ ਦੀ ਗੱਲ ਹੈ। ਉਨ੍ਹਾਂ ਨੇ ਲਿਖਿਆ ਸੀ, "ਸਾਨੂੰ ਦੱਸੋ ਕਿ ਤੁਸੀਂ ਵਾਪਸ ਆ ਰਹੇ ਹੋ ਜਾਂ ਨਹੀਂ। ਜੇ ਨਹੀਂ ਆ ਰਹੇ ਤਾਂ ਸਾਨੂੰ ਆਪਣਾ ਅਸਤੀਫਾ ਭੇਜ ਦਿਉ।" ਉਹ ਮੈਨੂੰ ਕਹਿੰਦੀ, "ਮੇਰਾ ਖਿਆਲ ਹੈ ਸਾਨੂੰ ਵਾਪਸ ਜਾਣਾ ਚਾਹੀਦਾ ਹੈ। ਜੇ ਮੈਨੂੰ ਕੋਈ ਪੱਕੀ ਨੌਕਰੀ ਨਾ ਮਿਲੀ ਤਾਂ ਮੈਂ ਤਾਂ ਜ਼ਰੂਰ ਵਾਪਸ ਚਲੇ ਜਾਣਾ ਹੈ। " ਮੈਨੂੰ ਟਰਾਂਟੋ ਪਸੰਦ ਸੀ ਖਾਸ ਕਰਕੇ ਯੂਨੀਵਰਸਿਟੀ। ਇਹ ਇਕ ਨਵੀਂ ਯੂਨੀਵਰਸਿਟੀ ਸੀ। ਇਹ ਕਈ ਤਰ੍ਹਾਂ ਨਾਲ ਚਹਿਲ ਪਹਿਲ ਵਾਲੀ ਅਤੇ ਰੈਡੀਕਲ ਯੂਨੀਵਰਸਿਟੀ ਸੀ। ਇਸ ਲਈ ਮੈਂ ਉੱਥੇ ਰਹਿਣਾ ਚਾਹੁੰਦਾ ਸੀ। ਉਹ ਮੈਨੂੰ ਕਹਿੰਦੀ, "ਜੇ ਮੈਨੂੰ ਇੱਥੇ ਕੋਈ ਨੌਕਰੀ ਨਾ ਮਿਲੀ ਤਾਂ ਮੈਂ ਤਾਂ ਵਾਪਸ ਚਲੇ ਜਾਣਾ ਹੈ।" ਉਸ ਨੇ ਉੱਥੇ ਇਕ ਨੌਕਰੀ ਲਈ ਅਰਜ਼ੀ ਦਿੱਤੀ ਹੋਈ ਸੀ। ਉਹਨੂੰ ਅਪ੍ਰੈਲ ਵਿੱਚ ਪਤਾ ਲੱਗ ਗਿਆ ਕਿ ਉਸ ਨੂੰ ਉਹ ਨੌਕਰੀ ਨਹੀਂ ਮਿਲੇਗੀ। ਫਿਰ ਸਾਨੂੰ ਇਹ ਚੋਣ ਕਰਨੀ ਪੈਣੀ ਸੀ ਕਿ ਅੱਗੇ ਕੀ ਕਰਨਾ ਹੈ। ਫਿਰ ਮੈਂ ਇੱਥੇ (ਐਡਮੰਟਨ ਵਿੱਚ) ਆਪਣੇ ਕੁਲੀਗਾਂ ਨਾਲ ਸੰਪਰਕ ਕੀਤਾ ਕਿ ਮੈਂ ਵਾਪਸ ਆਉਣਾ ਚਾਹੁੰਦਾ ਹਾਂ। ਅਸਲ ਵਿੱਚ ਸਾਡੇ ਟਰਾਂਟੋ ਜਾਣ ਤੋਂ ਪਹਿਲਾਂ ਮੈਨੂੰ ਇੱਥੇ ਇਕ ਪੁਜੀਸ਼ਨ ਦੀ ਪੇਸ਼ਕਸ਼ ਹੋਈ ਸੀ ਜਿਸ ਨੂੰ ਮੈਂ ਨਾਂਹ ਕਹਿ ਦਿੱਤੀ ਸੀ।

ਸਾਲ ਬਾਅਦ ਸਥਿਤੀਆਂ ਬਦਲ ਗਈਆਂ ਸਨ। ਮੈਂ ਉਨ੍ਹਾਂ ਨੂੰ ਫੋਨ ਕੀਤਾ ਅਤੇ ਕਿਹਾ, "ਮੈਂ ਵਾਪਸ ਆਉਣਾ ਚਾਹੁੰਦਾ ਹਾਂ।" ਉਹ ਕਹਿੰਦੇ, "ਠੀਕ ਹੈ, ਕੋਈ ਸਮੱਸਿਆ ਨਹੀਂ ਹੈ।" ਮੇਰਾ ਖਿਆਲ ਹੈ ਕਿ ਅਪ੍ਰੈਲ ਵਿੱਚ ਮੈਂ ਅਤੇ ਸੁਰਿੰਦਰ ਟਰਾਂਟੋ ਤੋਂ ਇੱਥੇ ਆ ਗਏ। ਮੈਂ ਸਿਆਟਲ ਵਿੱਚ ਇਕ ਪੇਪਰ ਪੇਸ਼ ਕਰਨ ਜਾਣਾ ਸੀ, ਅਤੇ ਮੇਰਾ ਭਰਾ ਪਹਿਲਾਂ ਹੀ ਇੱਥੇ ਸੀ। ਉਹ ਇੰਡੀਆ ਤੋਂ ਨਵਾਂ ਨਵਾਂ ਵਿਆਹ ਕਰਵਾ ਕੇ ਆਇਆ ਸੀ। ਉਹ ਇੰਡੀਆ ਵਿਆਹ ਕਰਵਾਉਣ ਗਿਆ ਸੀ ਅਤੇ ਵਿਆਹ ਕਰਵਾ ਕੇ ਵਾਪਸ ਆ ਗਿਆ ਸੀ। ਇਸ ਲਈ ਸਾਡਾ ਇੱਥੇ ਇਕ ਪਰਿਵਾਰਕ ਰਿਸ਼ਤਾ ਸੀ, ਸੁਰਿੰਦਰ ਦੇ ਕੰਮ ਤੋਂ ਜਾਣਨ ਵਾਲੇ ਲੋਕ ਵੀ ਇੱਥੇ ਸਨ ਅਤੇ ਇੱਥੇ ਸਾਡੇ ਯੂਨੀਵਰਸਿਟੀ ਦੇ ਦਿਨਾਂ ਦੇ ਬਹੁਤ ਸਾਰੇ ਦੋਸਤ ਵੀ ਸਨ।

ਇਸ ਲਈ ਵਾਪਸ ਆਉਣ ਦੇ ਕਈ ਸਾਰੇ ਕਾਰਨ ਸਨ। ਇਸ ਲਈ ਅਪ੍ਰੈਲ ਦੀ ਉਸ ਫੇਰੀ ਦੌਰਾਨ ਮੈਂ ਆਪਣੇ ਸਹਿਕਰਮੀਆਂ ਨੂੰ ਮਿਲਿਆ, ਉਨ੍ਹਾਂ ਨੇ ਮੈਨੂੰ ਨੌਕਰੀ ਪੇਸ਼ ਕੀਤੀ ਅਤੇ ਮੈਂ ਪੇਪਰਾਂ 'ਤੇ ਦਸਖਤ ਕਰਕੇ ਆਉਣ ਦਾ ਮਨ ਬਣਾ ਲਿਆ। ਅਸੀਂ ਫਿਰ ਟਰਾਂਟੋ ਨੂੰ ਮੁੜ ਗਏ ਅਤੇ ਉੱਥੇ ਦੋ ਮਹੀਨੇ ਰਹੇ। ਜੂਨ ਦੇ ਅਖੀਰ 'ਤੇ ਅਸੀਂ ਉੱਥੋਂ ਇੱਥੇ ਵਾਪਸ ਆ ਗਏ। ਇਸ ਤਰ੍ਹਾਂ ਮੈਂ ਇੱਥੇ 1969 ਤੋਂ ਹਾਂ। ਮੈਂ ਇੱਥੇ ਯੂਨੀਵਰਸਿਟੀ ਵਿੱਚ 1969 ਵਿੱਚ ਪੜ੍ਹਾਉਣਾ ਸ਼ੁਰੂ ਕਰ ਦਿੱਤਾ ਸੀ।

ਸਵਾਲ: ਸੋ ਤੁਸੀਂ ਇੱਥੇ 1969 ਤੋਂ ਹੋ। ਉਦੋਂ ਤੋਂ ਲੈ ਕੇ ਹੁਣ ਤੱਕ ਇੱਥੋਂ ਦੀ ਇੰਡੋ-ਕੈਨੇਡੀਅਨ/ਸਾਊਥ ਏਸ਼ੀਅਨ ਕਮਿਊਨਿਟੀ ਵਿੱਚ ਕਾਫੀ ਵਾਧਾ ਹੋਇਆ ਹੈ। ਕੀ ਤੁਸੀਂ ਮੈਨੂੰ ਸੰਖੇਪ ਵਿੱਚ ਇਸ ਵਾਧੇ ਦੀ ਕਹਾਣੀ ਦੱਸ ਸਕਦੇ ਹੋ?

ਜਵਾਬ: 1960ਵਿਆਂ ਦੇ ਅੱਧ ਤੋਂ ਬਾਅਦ ਇਸ ਵਿੱਚ ਕਾਫੀ ਤੇਜ਼ੀ ਨਾਲ ਵਾਧਾ ਹੋਣ ਲੱਗਾ। ਹਰ ਸਾਲ ਸੈਂਕੜਿਆ ਦੀ ਗਿਣਤੀ ਵਿੱਚ ਨਵੇਂ ਲੋਕ ਇੱਥੇ ਆਉਣ ਲੱਗੇ। 1971, 1972, 1973 ਤੱਕ ਆਉਣ ਵਾਲਿਆਂ ਵਿੱਚੋਂ ਬਹੁਗਿਣਤੀ ਲੋਕ ਪ੍ਰੋਫੈਸ਼ਨਲ - ਇੰਜਨੀਅਰ, ਟੀਚਰ, ਅਕਾਉਂਟੈਂਟ, ਪ੍ਰੋਫੈਸਰ ਆਦਿ ਸਨ। ਉਨ੍ਹਾਂ ਸਾਲਾਂ ਦੌਰਾਨ ਬਹੁਤ ਸਾਰੇ ਪ੍ਰੋਫੈਸਰ ਯੂਨੀਵਰਸਿਟੀ ਵਿੱਚ

ਆਏ, ਅਤੇ ਗਰੈਜੂਏਟ ਸਟੂਡੈਂਟ (ਐੱਮ ਏ ਜਾਂ ਪੀ ਐੱਚ ਡੀ ਕਰਨ ਵਾਲੇ ਵਿਦਿਆਰਥੀ), ਅਤੇ ਮੁੱਖ ਰੂਪ ਵਿੱਚ ਪ੍ਰੋਫੈਸ਼ਨਲ ਯੋਗਤਾਵਾਂ ਵਾਲੇ ਲੋਕ ਵੱਡੀ ਗਿਣਤੀ ਵਿੱਚ ਆਏ।

ਇਸ ਲਈ ਕਮਿਊਨਿਟੀ ਦੀ ਬਣਤਰ ਵੱਖਰੀ ਸੀ। ਮੁੱਖ ਰੂਪ ਵਿੱਚ ਇਕੋ ਤਰ੍ਹਾਂ ਦੇ ਅਕਾਦਮਿਕ ਪਿਛੋਕੜ, ਕਿੱਤਿਆਂ ਦੇ ਪਿਛੋਕੜ, ਆਮਦਨ ਦੇ ਪਿਛੋਕੜ, ਅਤੇ ਸਭਿਆਚਾਰਕ ਸੁਹਜ ਅਤੇ ਸੁਆਦਾਂ ਵਾਲੇ ਅਤੇ ਇਕ ਦੂਸਰੇ ਨਾਲ ਵੱਡੀ ਗਿਣਤੀ ਵਿੱਚ ਮਿਲਣ ਵਾਲੇ ਲੋਕਾਂ ਦੀ ਇਹ ਇਕ-ਰੂਪੀ (ਹੋਮੋਜੀਨੀਅਸ) ਕਮਿਊਨਿਟੀ ਸੀ। ਉਹਨਾਂ ਵਿੱਚ ਆਪਸੀ ਮੁਕਾਬਲਾ ਸ਼ੁਰੂ ਹੋ ਗਿਆ ਸੀ, ਕਿਹੜਾ ਬੰਦਾ ਕਿਹੜੀ ਸੰਸਥਾ ਨੂੰ ਕੰਟਰੋਲ ਕਰੇਗਾ, ਪਰ ਫਿਰ ਵੀ ਉਹਨਾਂ ਵਿੱਚ ਕੁੱਝ ਖਾਸ ਗੱਲਾਂ ਵਿੱਚ ਇਕ ਦੂਸਰੇ ਨਾਲ ਸਹਿਯੋਗ ਕਰ ਸਕਣ ਦੀ ਸਮਰੱਥਾ ਸੀ। ਆਮ ਪਾਏ ਜਾਣ ਵਾਲੇ ਵੱਖਰੇਵੇਂ - ਜਿਵੇਂ ਇਲਾਕਾਈ ਜਾਂ ਬੋਲੀ ਦੇ ਵੱਖਰੇਵੇਂ ਜਾਂ ਧਾਰਮਿਕ ਵੱਖਰੇਵੇਂ- ਸਨ, ਪਰ ਉਨ੍ਹਾਂ ਵੱਲ ਜ਼ਿਆਦਾ ਧਿਆਨ ਨਹੀਂ ਦਿੱਤਾ ਜਾਂਦਾ ਸੀ। ਉਹ ਹਮੇਸ਼ਾਂ ਹੀ ਮੌਜੂਦ ਸਨ ਅਤੇ ਕੁੱਝ ਹੱਦ ਤੱਕ ਆਪਣੀ ਭੂਮਿਕਾ ਨਿਭਾਉਂਦੇ ਸਨ, ਪਰ ਉਨ੍ਹਾਂ ਦੀ ਵੱਡੀ ਭੂਮਿਕਾ ਨਹੀਂ ਸੀ।

ਇਸ ਤਰ੍ਹਾਂ 1970ਵਿਆਂ ਦੇ ਮੁਢਲੇ ਸਾਲਾਂ ਦੌਰਾਨ ਇਹ ਕਮਿਊਨਿਟੀ ਇਕ-ਮੁੱਠ ਅਤੇ ਇਕ-ਰੂਪੀ (ਹੋਮੋਜੀਨੀਅਸ) ਕਮਿਊਨਿਟੀ ਸੀ, ਫਿਰ ਇਹ ਬਹੁਤ ਜ਼ਿਆਦਾ ਵੰਨ-ਸੁਵੰਨੀ ਹੋ ਗਈ, ਕਿਉਂਕਿ ਹਰ ਤਰ੍ਹਾਂ ਦੇ ਨਵੇਂ ਲੋਕ ਇੱਥੇ ਆ ਰਹੇ ਸਨ। ਬਹੁਤ ਸਾਰੇ "ਬਲੂ ਕਾਲਰ ਵਰਕਰਜ਼" (ਮਜ਼ਦੂਰ ਜਮਾਤ ਨਾਲ ਸੰਬੰਧਤ ਲੋਕ) ਆਉਣ ਲੱਗੇ। 1973 ਦੇ ਆਇਲ ਕ੍ਰਾਈਸਿੱਸ (ਤੇਲ ਨਾਲ ਸੰਬੰਧਤ ਇੰਡਸਟਰੀ ਦੇ ਸੰਕਟ) ਕਾਰਨ ਕੈਨੇਡਾ ਵਿੱਚ ਉਪਲਬਧ ਮੌਕਿਆਂ ਵਿੱਚ ਥੋੜ੍ਹੀ ਜਿਹੀ ਕਮੀ ਆਉਣੀ ਸ਼ੁਰੂ ਹੋ ਗਈ। ਸੰਨ 1976 ਵਿੱਚ ਜਦੋਂ ਟਰੂਡੋ ਨੇ ਤਨਖਾਹਾਂ ਅਤੇ ਕੀਮਤਾਂ ਉੱਤੇ ਕੰਟਰੋਲਾਂ (ਵੇਜ ਐਂਡ ਪ੍ਰਾਈਸ ਕੰਟਰੋਲਜ਼) ਦਾ ਐਲਾਨ ਕੀਤਾ ਤਾਂ ਕੈਨੇਡਾ ਦੀ ਆਰਥਿਕਤਾ ਇਕ ਤਰ੍ਹਾਂ ਨਾਲ ਕੰਟਰੋਲ ਤੋਂ ਬਾਹਰ ਹੋ ਗਈ। ਇਹ ਇਸ ਗੱਲ ਵੱਲ ਇਸ਼ਾਰਾ ਸੀ ਕਿ ਕੈਨੇਡਾ ਦੀ ਆਰਥਿਕਤਾ ਬਹੁਤ ਜ਼ਿਆਦਾ ਗੰਭੀਰ ਮੁਸ਼ਕਿਲ ਵਿੱਚ ਸੀ। ਬੇਰੁਜ਼ਗਾਰੀ ਵੱਧਣ ਲੱਗੀ। ਕੀਮਤਾਂ ਚੜ੍ਹਨ ਲੱਗੀਆਂ। ਇਸ ਦੇ ਨਾਲ ਹੀ ਇਸ ਸਮੇਂ ਕਾਫੀ ਸਾਰੀ ਸਪੈਕੂਲੇਸ਼ਨ (ਸੱਟਾਬਾਜ਼ੀ) ਚੱਲ ਰਹੀ ਸੀ, ਇਸ ਕਰਕੇ ਬਹੁਤ ਸਾਰੇ ਭਾਰਤੀ, ਖਾਸ ਕਰਕੇ ਨਵੇਂ ਆਏ, ਵਪਾਰੀ ਲੋਕਾਂ ਦੀ ਪ੍ਰਮੁੱਖਤਾ ਕਮਿਊਨਿਟੀ ਵਿੱਚ ਵੱਧਣ ਲੱਗੀ। ਸਾਡੇ ਵਰਗੇ ਅਕਾਦਮਿਕ ਲੋਕ ਥੋੜ੍ਹਾ ਜਿਹਾ ਖੂੰਜੇ ਲੱਗਣ ਲੱਗੇ, ਕਿਉਂਕਿ ਵੱਧ ਰਹੀਆਂ ਕੀਮਤਾਂ ਦੇ ਦੌਰ ਵਿੱਚ ਕਮਿਊਨਿਟੀ ਵਿੱਚ ਕੁੱਝ ਲੋਕ ਅਜਿਹੇ ਸਨ ਜਿਹੜੇ ਮਾਰਕੀਟ ਦੀ ਸੱਟੇਬਾਜ਼ੀ (ਸਪੈਕੂਲੇਸ਼ਨ) ਵਿੱਚ ਮਿਲੀਅਨਾਂ ਡਾਲਰ ਬਣਾ ਰਹੇ ਸਨ।

ਨਵੇਂ ਆਉਣ ਵਾਲਿਆਂ ਨੂੰ, ਭਾਵੇਂ ਉਨ੍ਹਾਂ ਕੋਲ ਐੱਮ ਏ ਜਾਂ ਐੱਮ ਐੱਸ ਸੀ ਦੀਆਂ ਡਿਗਰੀਆਂ ਸਨ, ਆਪਣੇ ਪਿਛੋਕੜਾਂ ਅਤੇ ਯੋਗਤਾਵਾਂ ਦੇ ਮੇਚ ਖਾਂਦੀਆਂ ਨੌਕਰੀਆਂ ਨਹੀਂ ਮਿਲ ਰਹੀਆਂ ਸਨ ਅਤੇ ਇਹ ਲੋਕ ਟੈਕਸੀਆਂ ਚਲਾਉਣ ਲੱਗੇ, ਉਨ੍ਹਾਂ ਖੇਤਰਾਂ ਵਿੱਚ ਛੋਟੀਆਂ ਛੋਟੀਆਂ ਦੁਕਾਨਾਂ ਖੋਲ੍ਹਣ ਲੱਗੇ ਜਿਹਨਾਂ ਬਾਰੇ ਉਨ੍ਹਾਂ ਨੂੰ ਬਹੁਤਾ ਕੁੱਝ ਨਹੀਂ ਪਤਾ ਸੀ। ਪਰ ਉਨ੍ਹਾਂ ਨੂੰ ਇਸ ਦੀ ਪਰਵਾਹ ਨਹੀਂ ਸੀ ਕਿਉਂਕਿ ਉਨ੍ਹਾਂ ਕੋਲ ਹੋਰ ਕੋਈ ਰਸਤਾ ਨਹੀਂ ਸੀ। ਇਸ ਦਾ ਨਤੀਜਾ ਇਹ ਨਿਕਲਿਆ ਕਿ ਕਮਿਊਨਿਟੀ ਵਿੱਚ ਭਿੰਨਤਾ ਵੱਧ ਗਈ। ਇਸ ਦੇ ਨਾਲ ਹੀ ਕਮਿਊਨਿਟੀ ਕਿੱਤਿਆਂ ਦੇ ਫਰਕਾਂ, ਆਮਦਨਾਂ ਦੇ ਫਰਕਾਂ ਅਤੇ ਰੁਤਬਿਆਂ ਦੇ ਫਰਕਾਂ ਨਾਲ ਵੀ ਵੰਡੀ ਗਈ।

ਇਸ ਦੇ ਨਾਲ ਨਾਲ ਕਮਿਊਨਿਟੀ ਵਿੱਚ ਧਾਰਮਿਕ ਪੱਖੋਂ ਵੀ ਵਾਧਾ ਹੋਣ ਲੱਗਾ। ਨਵੇਂ ਗੁਰਦਵਾਰੇ ਅਤੇ ਹਿੰਦੂ ਮੰਦਿਰ ਖੁੱਲ੍ਹਣ ਲੱਗੇ। ਇਸ ਤਰ੍ਹਾਂ ਦੇ ਵੰਨ-ਸੁਵੰਨੇ ਭਾਈਚਾਰੇ ਵਿੱਚ ਕੁੱਝ ਹੱਦ ਇਕਮੁੱਠਤਾ ਕਾਇਮ ਰੱਖਣ ਲਈ ਵੱਖ ਵੱਖ ਸੰਸਥਾਂਵਾਂ ਦੀਆਂ ਸਾਂਝੀਆਂ (ਅੰਬਰੇਲਾ) ਸੰਸਥਾਂਵਾਂ ਬਣਨ ਲੱਗੀਆਂ। ਇਸ ਤਰ੍ਹਾਂ ਦੀ ਇਕ ਸੰਸਥਾ ਦਾ ਨਾਂ ਸੀ ਕਾਊਂਸਲ ਆਫ ਇੰਡੀਆ ਸੁਸਾਇਟੀਜ਼। ਇਸ ਤਰ੍ਹਾਂ ਦੀਆਂ 10-15 ਸੰਸਥਾਂਵਾਂ ਸਨ। ਇਕ ਕਰਨਾਟਕਾ ਦੀਆਂ ਸੰਸਥਾਂਵਾਂ ਦੀ ਸੁਸਾਇਟੀ ਸੀ, ਇਕ ਕੇਰਲਾ ਸੁਸਾਇਟੀ, ਬੰਗਾਲੀ ਸੁਸਾਇਟੀ, ਪੰਜਾਬੀ ਸੁਸਾਇਟੀ, ਸਿੱਖ ਸੁਸਾਇਟੀ, ਅਤੇ ਇਸ ਤਰ੍ਹਾਂ ਦੀਆਂ ਹੋਰ। ਇਸ ਤਰ੍ਹਾਂ ਦੀਆਂ ਸਾਂਝੀਆਂ ਸੰਸਥਾਂਵਾਂ ਇਸ ਲਈ ਬਣੀਆਂ ਤਾਂ ਕਿ ਇਹ ਸੰਸਥਾਂਵਾਂ ਇਕ ਦੂਸਰੇ ਨਾਲ ਨਾਤਾ ਰੱਖ ਸਕਣ ਅਤੇ ਅੰਗਰੇਜ਼ ਭਾਈਚਾਰੇ ਅਤੇ ਸਰਕਾਰ ਨਾਲ ਮੇਲਜੋਲ ਕਰਨ ਲਈ ਇਕੱਠੀਆਂ ਕੰਮ ਕਰ ਸਕਣ। 1972 ਵਿੱਚ ਬਾਈਲਿੰਗੁਅਲਿਜ਼ਮ ਅਤੇ ਬਾਈਕਲਚਰਲਿਜ਼ਮ ਦੀ ਰਿਪੋਰਟ ਆਉਣ ਤੋਂ ਬਾਅਦ ਮਲਟੀਕਲਚਰਲਿਜ਼ਮ ਪ੍ਰਚੱਲਤ ਹੋ ਚੁੱਕਾ ਸੀ। ਇਸ ਲਈ ਸਭਿਆਚਾਰਕ ਵਿਕਾਸ ਅਤੇ ਕਮਿਊਨਿਟੀ ਸੈਂਟਰ ਆਦਿ ਬਣਾਉਣ ਲਈ ਸਰਕਾਰ ਤੋਂ ਵਸੀਲੇ ਪ੍ਰਾਪਤ ਕਰਨ ਲਈ ਇਕੱਠੇ ਰਹਿਣਾ ਇਕ ਫਾਇਦੇਮੰਦ ਗੱਲ ਸੀ।

ਪਰ ਕਮਿਊਨਿਟੀ ਵਿੱਚ ਭਿੰਨਤਾ ਬਹੁਤ ਜ਼ਿਆਦਾ ਵੱਧ ਗਈ ਸੀ, ਜਿਸ ਕਾਰਨ ਕਮਿਊਨਿਟੀ ਵਿੱਚ ਇੱਧਰ ਉੱਧਰ ਛੋਟੇ ਛੋਟੇ ਝਗੜੇ ਹੋਣ ਲੱਗੇ, ਵੰਡੀਆਂ ਪੈਣ ਲੱਗੀਆਂ। ਪਛਾਣ ਵਿੱਚ ਖਾਸ ਅੰਦਰੂਨੀ ਵੱਖਰੇਵਿਆਂ ਕਾਰਨ ਗੁਰਦਵਾਰੇ ਵਧਣ ਲੱਗੇ। ਇਕ ਰਾਮਗੜ੍ਹੀਆਂ ਗੁਰਦਵਾਰਾ ਬਣ ਗਿਆ, ਇਕ ਸਿੰਘ ਸਭਾ ਗੁਰਦਵਾਰਾ ਬਣ ਗਿਆ ਅਤੇ ਕਈ ਹੋਰ ਗੁਰਦਵਾਰੇ ਬਣ ਗਏ। ਅੱਸੀਵਿਆਂ ਦੇ ਸ਼ੁਰੂ ਵਿੱਚ ਸਿੱਖ ਮੂਲਵਾਦ ਦੀ ਲਹਿਰ ਦੀ ਚੜ੍ਹਤ ਨਾਲ ਸਿੱਖ ਕਮਿਊਨਿਟੀ ਵਿੱਚ ਇਸ ਗੱਲੋਂ ਝਗੜੇ ਹੋਣ ਲੱਗੇ ਕਿ ਕਿਹੜਾ ਕਿਸ ਗੁਰਦਵਾਰੇ ਨੂੰ ਕੰਟਰੋਲ ਕਰੇਗਾ, ਕਿਹੜਾ ਸਿੱਖ ਕਮਿਊਨਿਟੀ ਦੇ ਨਾਂ ’ਤੇ ਬੋਲੇਗਾ। ਅਤੇ ਅਸੀਂ ਵੀ ਇਸ

ਵਿੱਚ ਸ਼ਾਮਲ ਸਾਂ। ਅਸੀਂ ਸਰਗਰਮ ਸਾਂ। ਅਸੀਂ ਲੋਕਾਂ ਨੂੰ ਸੰਜਮ ਰੱਖਣ ਲਈ ਕਹਿ ਰਹੇ ਸਾਂ, "ਸਮਝ ਤੋਂ ਕੰਮ ਲਵੋ। ਤੁਸੀਂ ਹੁਣ ਇੰਡੀਆ ਵਿੱਚ ਨਹੀਂ ਹੋ। ਬੇਸ਼ੱਕ ਉੱਥੇ ਕਈ ਕੁੱਝ ਵਾਪਰ ਰਿਹਾ ਹੈ, ਪਰ ਤੁਹਾਨੂੰ ਇੱਥੇ ਇਕ ਦੂਜੇ ਨੂੰ ਮਾਰਨ ਦੀ ਲੋੜ ਨਹੀਂ ਹੈ। ਇਸ ਦੇ ਨਤੀਜੇ ਵੱਜੋਂ ਤੁਹਾਡੇ ਆਪਣੇ ਹਿੱਤਾਂ ਨੂੰ ਨੁਕਸਾਨ ਪਹੁੰਚੇਗਾ। ਤੁਹਾਨੂੰ ਇਸ ਵਿੱਚੋਂ ਕੁੱਝ ਹਾਸਲ ਨਹੀਂ ਹੋਵੇਗਾ।"

ਪਰ ਉਸ ਵੇਲੇ ਚੀਜ਼ਾਂ ਬੜੀ ਤੇਜ਼ੀ ਨਾਲ ਹੋ ਰਹੀਆਂ ਸਨ। ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਰੋਕਣਾ ਸੰਭਵ ਨਹੀਂ ਸੀ। ਪਰ ਫਿਰ ਵੀ ਸਾਡੇ ਵਿੱਚੋਂ ਕੁਝ ਲੋਕਾਂ ਨੇ ਲੋਕਾਂ ਨੂੰ ਸਰੀਰਕ ਤੌਰ 'ਤੇ ਇਕ ਦੂਜੇ ਦੇ ਗਲ੍ਹ ਪੈਣ ਤੋਂ ਰੋਕਣ ਲਈ ਕੋਸ਼ਿਸ਼ਾਂ ਜਾਰੀ ਰੱਖੀਆਂ, ਅਤੇ ਅਸੀਂ ਕੁੱਝ ਹੱਦ ਤੱਕ ਇਸ ਵਿੱਚ ਕਾਮਯਾਬ ਵੀ ਹੋਏ। ਅਸੀਂ ਝਗੜੇ ਨੂੰ ਹੱਦ ਅੰਦਰ ਰੱਖਣ ਵਿੱਚ ਕਾਮਯਾਬ ਹੋਏ, ਪਰ ਕਮਿਊਨਿਟੀ ਕਾਫੀ ਵੱਖਰੀ ਤਰ੍ਹਾਂ ਦੀ ਹੋ ਗਈ ਸੀ- ਧਾਰਮਿਕ ਵੱਖਰੇਵਿਆਂ ਅਨੁਸਾਰ ਵਿਚਾਰਧਾਰਕ ਤੌਰ 'ਤੇ ਵੀ ਅਤੇ ਆਰਥਿਕ ਵੱਖਰੇਵਿਆਂ ਕਰਕੇ ਵੀ। ਇਸ ਤਰ੍ਹਾਂ ਹੁਣ ਕਮਿਊਨਿਟੀ ਵਿੱਚ ਇਕ ਸੰਪੂਰਨ ਵੰਨ-ਸੁਵੰਨਤਾ ਆ ਗਈ। ਕਮਿਊਨਿਟੀ ਵਿੱਚ ਇਸ ਤਰ੍ਹਾਂ ਦੇ ਲੋਕ ਵੀ ਹਨ ਜੋ ਜਮਾਤੀ ਵੱਖਰੇਵੇਂ ਦੇ ਆਧਾਰ 'ਤੇ ਆਪਣੇ ਆਪ ਨੂੰ ਅਮੀਰ ਅਤੇ ਦੌਲਤਮੰਦ ਸਮਝਦੇ ਹਨ ਅਤੇ ਆਪਸ ਵਿੱਚ ਮਿਲਦੇ ਜੁਲਦੇ ਹਨ। ਫਿਰ ਮਿੱਲਵੁੱਡ ਦਾ ਇਲਾਕਾ ਹੈ, ਜਿੱਥੇ ਭਿੰਨ-ਭਿੰਨ ਤਰ੍ਹਾਂ ਦੇ ਲੋਕ ਹਨ, ਪਰ ਉੱਥੋਂ ਦੀ ਬਹੁਤੀ ਅਬਾਦੀ ਕੰਮ ਕਰਨ ਵਾਲੇ ਲੋਕਾਂ ਦੀ ਹੈ, 'ਮਜ਼ਦੂਰ ਜਮਾਤ' ਨਾਲ ਸੰਬੰਧ ਰੱਖਣ ਵਾਲੇ ਲੋਕਾਂ ਦੀ ਹੈ, ਭਾਵੇਂ ਕਿ ਇਨ੍ਹਾਂ ਵਿੱਚੋਂ ਬਹੁਤ ਸਾਰੇ ਅਜਿਹੇ ਲੋਕ ਹਨ, ਜਿਨ੍ਹਾਂ ਕੋਲ ਇੰਡੀਆਂ ਤੋਂ ਚੰਗੀ ਵਿਦਿਆ ਹੈ। ਇਸ ਲਈ ਕੁੱਝ ਤਣਾਅ ਰਹਿੰਦਾ ਹੈ, ਕੁੱਝ ਕਸ਼ਮਕਸ਼ ਰਹਿੰਦੀ ਹੈ।

ਸਵਾਲ: ਸੋ ਇਸ ਤਰ੍ਹਾਂ ਦੀ ਕਮਿਊਨਿਟੀ ਬਾਰੇ ਬਾਹਰਲੀ ਵੱਡੀ ਕਮਿਊਨਿਟੀ ਦਾ ਕੀ ਪ੍ਰਤੀਕਰਮ ਸੀ?

ਜਵਾਬ: ਕਈ ਤਰ੍ਹਾਂ ਦੇ ਪ੍ਰਤੀਕਰਮ ਸਨ। ਸਿਆਸੀ ਪਾਰਟੀਆਂ ਹਮੇਸ਼ਾਂ ਤੋਂ ਐਥਨਿਕ ਵੋਟਾਂ ਵੱਲ ਰੁਚਿਤ ਰਹੀਆਂ ਹਨ। 1970ਵਿਆਂ ਅਤੇ 1980ਵਿਆਂ ਵਿੱਚ ਐਥਨਿਕ ਵੋਟਾਂ ਦੀ ਮਹੱਤਤਾ ਕਾਫੀ ਵੱਧ ਗਈ ਅਤੇ ਸਾਡੀ ਕਮਿਊਨਿਟੀ ਨੂੰ ਕਦੇ ਇਸ ਪਾਰਟੀ ਵੱਲੋਂ ਅਤੇ ਕਦੇ ਉਸ ਪਾਰਟੀ ਵੱਲੋਂ ਪਾਰਟੀ ਵਿੱਚ ਸ਼ਾਮਲ ਹੋਣ ਦੇ ਸੱਦੇ ਆਉਣ ਲੱਗੇ ਜਾਂ ਕਦੇ ਇਸ ਉਮੀਦਵਾਰ ਵੱਲੋਂ ਅਤੇ ਕਦੇ ਉਸ ਉਮੀਦਵਾਰ ਵੱਲੋਂ ਹਿਮਾਇਤ ਕਰਨ ਦੇ ਸੱਦੇ ਆਉਣ ਲੱਗੇ। ਮਿਊਂਸਪਲ ਪੱਧਰ 'ਤੇ, ਸੂਬਾਈ ਪੱਧਰ 'ਤੇ ਅਤੇ ਫੈਡਰਲ ਪੱਧਰ 'ਤੇ। ਇਸ ਲਈ ਵੱਡੀ ਕਮਿਊਨਿਟੀ ਦਾ ਇਕ ਪ੍ਰਤੀਕਰਮ ਇਹ ਸੀ ਕਿ ਸਾਡੀ ਕਮਿਊਨਿਟੀ ਦੇ ਵੱਖ ਵੱਖ ਹਿੱਸਿਆਂ ਦੇ ਪਤਵੰਤਿਆਂ ਨੂੰ ਆਪਣੇ ਨਾਲ ਮਿਲਾ ਲੈਣ ਦੇ ਯਤਨ ਕਰਨਾ ਅਤੇ ਉਨ੍ਹਾਂ ਨੇ ਇਹ ਕੀਤਾ ਵੀ। ਇਸ ਸੰਬੰਧ ਵਿੱਚ ਲਿਬਰਲ ਕਾਫੀ ਸਰਗਰਮ ਸਨ ਖਾਸ ਕਰਕੇ ਸੂਬਾਈ ਪੱਧਰ 'ਤੇ ਪਰ ਕੁੱਝ ਹੱਦ ਤੱਕ ਫੈਡਰਲ ਪੱਧਰ 'ਤੇ ਵੀ। ਟੋਰੀ ਵੀ ਕਾਫੀ ਸਰਗਰਮ ਸਨ ਅਤੇ ਉਹ ਪਤਵੰਤਿਆਂ ਨੂੰ ਆਪਣੇ ਹੱਕ ਵਿੱਚ ਕਰਨ ਵਿੱਚ ਕਾਮਯਾਬ ਵੀ ਹੋਏ। ਉਹ ਗੁਰਦਵਾਰਿਆਂ, ਵਿਆਹਾਂ ਅਤੇ ਇਸ ਤਰ੍ਹਾਂ ਦੀਆਂ ਸਰਗਰਮੀਆਂ ਵਿੱਚ ਆਮ ਆਉਣ ਲੱਗੇ। ਉਹ ਇਹ ਸਭ ਕੁਝ ਆਪਣੀ ਹਾਜ਼ਰੀ ਦਿਖਾਉਣ ਨੂੰ ਅਤੇ ਇਹ ਕਹਿਣ ਨੂੰ ਕਰਦੇ ਸੀ ਕਿ "ਸਾਡੀ ਤੁਹਾਡੇ ਵਿੱਚ ਦਿਲਚਸਪੀ ਹੈ।"

ਇਸ ਦੇ ਨਾਲ ਹੀ ਵੱਡੀ ਕਮਿਊਨਿਟੀ ਨੂੰ ਇਹ ਫਿਕਰ ਵੀ ਸੀ ਕਿ ਸਾਡੀ ਹੋਂਦ ਉਨ੍ਹਾਂ ਦੀ ਸ਼ਾਂਤੀ ਵਿੱਚ, ਉਨ੍ਹਾਂ ਦੀ ਕਮਿਊਨਿਟੀ ਦੇ ਵਾਤਾਵਰਨ ਵਿੱਚ ਕਿਸ ਤਰ੍ਹਾਂ ਦਾ ਵਿਘਨ ਪਾਵੇਗੀ। ਪਰ ਉਨ੍ਹਾਂ ਦੇ ਪ੍ਰਤੀਕਰਮ ਵਿੱਚ ਨਸਲਵਾਦ ਸਿੱਧਾ ਪ੍ਰਗਟ ਹੁੰਦਾ ਸੀ ਕਿਉਂਕਿ ਮੇਰੇ ਖਿਆਲ ਵਿੱਚ ਇੱਥੇ ਸਾਡੇ ਵੱਸਣ ਦਾ ਇਤਿਹਾਸ ਵੱਖਰਾ ਸੀ। ਸਾਡੇ ਵਿੱਚੋਂ ਜਿਹੜੇ ਪਹਿਲਾਂ ਇੱਥੇ ਆਏ, ਉਹ ਪੜ੍ਹੇ ਲਿਖੇ ਸਨ, ਆਪਣੇ ਨਾਲ ਦੇ ਗੋਰੇ ਲੋਕਾਂ ਨਾਲੋਂ ਜ਼ਿਆਦੇ ਪੜ੍ਹੇ ਲਿਖੇ। ਇਸ ਲਈ ਸਾਡੇ ਬਾਰੇ ਸਮਝ ਵੱਖਰੀ ਸੀ, ਉਦੋਂ ਵੀ ਜਦੋਂ ਸਾਡੀ ਕਮਿਊਨਿਟੀ ਵੱਡੀ ਜਾ ਚੁੱਕੀ ਸੀ, ਸਾਡੀ ਕਮਿਊਨਿਟੀ ਦੇ ਬੁਲਾਰੇ ਕਾਫੀ ਹੱਦ ਤੱਕ ਸੁਘੜ, ਵੱਡੀ ਕਮਿਊਨਿਟੀ ਵਿੱਚ ਚੰਗੀ ਤਰ੍ਹਾਂ ਘੁਲੇ ਮਿਲੇ ਅਤੇ ਕਾਮਯਾਬ ਕਾਰੋਬਾਰੀ, ਅਕਾਦਮਿਕ ਅਤੇ ਹੋਰ ਪੇਸ਼ਾਵਰ (ਪ੍ਰੋਫੈਸ਼ਨਲ) ਲੋਕ ਸਨ। ਇਸ ਲਈ ਉਹ ਲੋਕ ਜਿਹੜੇ ਗੋਰੇ ਭਾਈਚਾਰੇ ਨਾਲ ਮਿਲਦੇ ਸਨ, ਉਨ੍ਹਾਂ ਦਾ ਚੰਗਾ ਪ੍ਰਭਾਵ ਸੀ। ਇਸ ਦੇ ਨਤੀਜੇ ਵੱਜੋਂ ਸਾਡੀ ਕਮਿਊਨਿਟੀ ਅਤੇ ਗੋਰੀ ਕਮਿਊਨਿਟੀ ਵਿਚਕਾਰ ਨਸਲਵਾਦ ਦਾ ਮੁੱਦਾ ਕੁੱਝ ਹੱਦ ਤੱਕ ਘੱਟ ਸੀ। ਮੇਰਾ ਮਤਲਬ ਹੈ ਕਿ ਜ਼ਮੀਨੀ ਪੱਧਰ 'ਤੇ ਇਹ ਹਮੇਸ਼ਾਂ ਮੌਜੂਦ ਸੀ, ਪਰ ਇਹ ਏਨਾ ਪ੍ਰਤੱਖ ਨਹੀਂ ਸੀ। ਇਹ ਏਨਾ ਹੀ ਸੰਗੀਨ ਨਹੀਂ ਸੀ, ਇਹ ਥੋੜ੍ਹਾ ਜਿਹਾ ਦੱਬੀ ਸੁਰ ਵਾਲਾ ਸੀ।

ਸਵਾਲ: ਜਦੋਂ ਤੁਸੀਂ ਇੰਡੀਆ ਛੱਡਿਆ, ਉਦੋਂ ਤੁਸੀਂ ਖੱਬੀ ਸਿਆਸਤ ਵਿੱਚ ਸਰਗਰਮ ਸੀ?

ਜਵਾਬ: ਹਾਂ। ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ 1956 ਤੋਂ ਬਾਅਦ, ਜਦੋਂ ਮੈਂ ਰੋਜ਼ੀ ਕਮਾਉਣ ਲਈ ਕੋਈ ਸਾਧਨ ਲੱਭ ਰਿਹਾ ਸੀ, ਉਸ ਸਮੇਂ ਮੇਰੀ ਸਿਆਸੀ ਸਰਗਰਮੀ ਥੋੜ੍ਹੀ ਜਿਹੀ ਘਟਣੀ ਸ਼ੁਰੂ ਹੋ ਗਈ ਸੀ। ਇਸ ਤਰ੍ਹਾਂ 1959 ਤੱਕ ਮੈਂ ਬਹੁਤ ਹੱਦ ਤੱਕ ਸਰਗਰਮ ਸਿਆਸਤ ਤੋਂ ਬਾਹਰ ਹੋ ਗਿਆ ਸੀ। ਮੇਰਾ ਮਤਲਬ ਹੈ ਕਿ ਸਾਡਾ ਅਜੇ ਦੋਸਤਾਂ ਦਾ ਉਹੀ ਘੇਰਾ ਸੀ, ਅਤੇ ਮੇਰੇ ਵਰਗੇ ਹੋਰ ਕਈ ਲੋਕਾਂ ਨੇ ਵੀ ਇਸ ਤਰ੍ਹਾਂ ਹੀ ਕੀਤਾ ਸੀ, ਜਿਵੇਂ ਸੁਰਜੀਤ ਬਾਜਵੇ ਨੇ, ਨੌਨਿਹਾਲ ਅਤੇ ਹਰਦਿਆਲ ਨੇ। ਅਸੀਂ ਸਾਰੇ ਬਹੁਤ ਗੂੜ੍ਹੇ ਦੋਸਤ ਸਾਂ। ਅਸੀਂ 10-15-20 ਜਣੇ ਸਾਂ, ਅਤੇ ਸਾਰੇ ਜਣੇ ਇੱਧਰ ਉੱਧਰ ਖਿੰਡਰ ਗਏ, ਸਾਡੀ ਪਾਰਟੀ ਦੇ

ਸੂਬਾਈ ਲੀਡਰਾਂ ਸਮੇਤ। ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਉਹ ਸੰਕਟ ਦਾ ਸਮਾਂ ਸੀ, ਟੁੱਟ-ਭੱਜ ਅਤੇ ਮੋਹ-ਭੰਗ ਹੋਣ ਦਾ ਸਮਾਂ ਸੀ। ਇਸ ਲਈ ਮੈਂ ਸਿਆਸੀ ਤੌਰ ’ਤੇ ਕੁੱਝ ਹੱਦ ਤੱਕ ਸੁਸਤ ਹੋ ਗਿਆ ਸੀ ਅਤੇ ਸਰਗਰਮ ਨਹੀਂ ਰਿਹਾ ਸੀ।

ਸਵਾਲ: ਇੱਥੇ ਤੁਸੀਂ ਕਿਸ ਕਿਸਮ ਦੀਆਂ ਸਿਆਸੀ ਸਰਗਰਮੀਆਂ ਨਾਲ ਜੁੜੇ?

ਜਵਾਬ: ਇੱਥੇ ਵੀ ਸੰਨ 1971-72 ਤੱਕ ਆਪਣੇ ਆਪ ਨੂੰ ਕਾਇਮ ਰੱਖਣ ਅਤੇ ਕਾਮਯਾਬ ਹੋਣ ਅਤੇ ਦੁਬਾਰਾ ਸੈੱਟ ਹੋਣ ਦਾ ਸਵਾਲ ਸੀ। ਇਕ ਅਕਾਦਮਿਕ ਵੱਜੋਂ ਤੁਹਾਡੇ ’ਤੇ ਕਾਫੀ ਦਬਾਅ ਹੁੰਦਾ ਹੈ, ਖਾਸ ਕਰਕੇ ਪਹਿਲੇ ਪੰਜ-ਛੇ ਸਾਲਾਂ ਦੌਰਾਨ ਜਦੋਂ ਤੱਕ ਤੁਹਾਨੂੰ ਟੈਨਿਊਰ ਨਹੀਂ ਮਿਲ ਜਾਂਦਾ ਭਾਵ ਤੁਹਾਡੀ ਨੌਕਰੀ ਪੱਕੀ ਨਹੀਂ ਹੋ ਜਾਂਦੀ। ਯੂਨੀਵਰਸਿਟੀ ਵੱਲੋਂ ਤੁਹਾਡੇ ਸਮੇਂ ਅਤੇ ਊਰਜਾ ਦੀ ਕਾਫੀ ਜ਼ਿਆਦਾ ਮੰਗ ਹੁੰਦੀ ਹੈ। ਅਤੇ ਮੈਨੂੰ ਇਕ ਅਕਾਦਮਿਕ ਵੱਜੋਂ ਕੰਮ ਕਰਨਾ ਚੰਗਾ ਲੱਗਦਾ ਸੀ, ਇਸ ਲਈ ਕੁੱਝ ਵਾਧੂ ਭਾਰ ਮੈਂ ਆਪਣੇ ਆਪ ਚੁੱਕ ਲਿਆ ਸੀ, ਪਰ 1971 ਦੇ ਦੁਆਲੇ ਮੈਂ ਦੁਬਾਰਾ ਸਿਆਸਤ ਵੱਲ ਆਉਣਾ ਸ਼ੁਰੂ ਕਰ ਦਿੱਤਾ। ਬੇਸ਼ੱਕ ਪੀ ਐੱਚ ਡੀ ਕਰਨ ਦੇ ਆਪਣੇ ਦਿਨਾਂ ਸਮੇਂ ਵੀ ਮੈਂ ਕੈਂਪਸ ਵਿੱਚ ਕਾਫੀ ਸਰਗਰਮ ਸੀ। ਵੀਅਤਨਾਮ ਦੀ ਜੰਗ ਦਾ ਵਿਰੋਧ, ਅਮਰੀਕਾ ਦਾ ਵਿਰੋਧ। ਕੈਨੇਡਾ ਦੇ ਰਾਸ਼ਟਰਵਾਦ (ਨੈਸ਼ਨਲਿਜ਼ਮ) ਦੀ ਦਲੀਲ ਕਾਫੀ ਅਪੀਲ ਕਰਦੀ ਸੀ ਕਿਉਂਕਿ ਇਸ ਨਾਲ ਕਈ ਤਰ੍ਹਾਂ ਨਾਲ ਅਮਰੀਕਾ ਵਿਰੋਧੀ ਭਾਵਨਾਵਾਂ ਜੁੜੀਆਂ ਹੋਈਆਂ ਸਨ। ਇਹ ਇਕ ਤਰ੍ਹਾਂ ਨਾਲ ਅਜ਼ਾਦੀ ਦੀ ਗੱਲ ਕਰਦਾ ਸੀ, ਕੈਨੇਡਾ ਲਈ ਖੁਦਮੁਖਤਿਆਰੀ ਦੀ ਗੱਲ। ਇਹ ਕਾਫੀ ਜ਼ਿਆਦਾ ਅਪੀਲ ਕਰਦੀ ਸੀ, ਅਤੇ ਮੈਂ ਇਸ ਬਾਰੇ ਗੱਲ ਕਰਨ ਅਤੇ ਆਪਣੀ ਪਛਾਣ ਇਸ ਨਾਲ ਜੋੜ ਕੇ ਦੇਖਣ ’ਤੇ ਕਾਫੀ ਜ਼ੋਰ ਦਿੰਦਾ ਸੀ।

ਜਦੋਂ ਮੈਂ ਯੂਨੀਵਰਸਿਟੀ ਵਿੱਚ ਪੀ ਐੱਚ ਡੀ ਕਰ ਰਿਹਾ ਸੀ ਤਾਂ ਉਸ ਸਮੇਂ ਮੇਰੇ ਕਈ ਦੋਸਤ ਸਨ ਜੋ ਐੱਨ ਡੀ ਪੀ ਨਾਲ ਸੰਬੰਧਤ ਸਨ। ਉਨ੍ਹਾਂ ਵਿੱਚੋਂ ਇਕ ਸੀ ਡੌਨ ਮਕਾਈਵਰ, ਜਿਸ ਨੇ ਮੇਰੇ ਨਾਲ ਪੀ ਐੱਚ ਡੀ ਕੀਤੀ ਸੀ। ਉਹ ਵੈਲਸ਼ ਸੀ ਅਤੇ ਉਸ ਦਾ ਪਿਛੋਕੜ ਬਰਤਾਨੀਆ ਤੋਂ ਲੇਬਰ ਪਾਰਟੀ ਦਾ ਸੀ, ਇਸ ਲਈ ਅਸੀਂ ਕਾਫੀ ਗੱਲਬਾਤ ਕਰਦੇ ਰਹਿੰਦੇ ਸੀ। ਇੱਥੇ ਉਸ ਨੇ ਮੇਰੀ ਜਾਣਪਛਾਣ ਐੱਨ ਡੀ ਪੀ ਨਾਲ ਕਰਵਾਈ। ਮੇਰੀ ਸੋਚ ਅਤੇ ਪਸੰਦ ਮੁਤਾਬਕ ਉਹ ਬਹੁਤਾ ਖੱਬੇਪੱਖੀ ਨਹੀਂ ਸੀ। ਇਸ ਲਈ ਅਸੀਂ ਉਸ ਦੇ ਅਤੇ ਮੇਰੇ ਸਿਆਸੀ ਵਿਚਾਰਾਂ ਬਾਰੇ ਖੂਬ ਗੱਲਬਾਤ ਕਰਦੇ।

ਪਰ ਮੈਂ ਸੰਨ 1971 ਤੱਕ ਸਰਗਰਮੀ ਨਾਲ ਕਿਸੇ ਵੀ ਪਾਰਟੀ ਵਿੱਚ ਸ਼ਾਮਲ ਨਹੀਂ ਸੀ ਹੋਇਆ। ਉਸ ਸਮੇਂ ਮੈਂ ਅਲਬਰਟਾ ਦੀ ਐੱਨ ਡੀ ਪੀ ਦੇ ਨੌਜਵਾਨ ਲੀਡਰ ਗਰਾਂਟ ਨੌਟਲੀ ਨੂੰ ਮਿਲਿਆ। ਉਹ ਕੈਂਪਸ ਵਿੱਚ ਆਇਆ ਸੀ। ਅਸੀਂ ਉਸ ਨੂੰ ਸੱਦਿਆ ਸੀ। ਮੇਰੇ ਨਾਲ ਦੇ ਕੁੱਝ ਅਕਾਦਮਿਕ ਕੁਲੀਗਾਂ ਵਿੱਚੋਂ ਕੁੱਝ ਐੱਨ ਡੀ ਪੀ ਵਿੱਚ ਸਰਗਰਮ ਸਨ, ਅਤੇ ਉਸ ਲੰਚ ਦੀ ਮੀਟਿੰਗ ਵਿੱਚ ਤਕਰੀਬਨ 50 ਕੁ ਲੋਕ ਹਾਜ਼ਰ ਹੋਏ। ਉਸ ਸਮੇਂ ਮੈਂ ਪਾਰਟੀ ਦੀ ਮੈਂਬਰਸ਼ਿੱਪ ਲੈ ਲਈ ਅਤੇ ਪਾਰਟੀ ਵਿੱਚ ਇਲੈਕਸ਼ਨ ਦੇ ਸਮੇਂ ਹੋਰ ਸਰਗਰਮ ਹੋਣ ਲੱਗਾ ਅਤੇ ਬਹੁਤੀ ਵਾਰੀ ਪਬਲਿਕ ਮੀਟਿੰਗਾਂ, ਕਾਨਫਰੰਸਾਂ ਵਿੱਚ ਵੀ ਹਿੱਸਾ ਲੈਂਦਾ। ਉਸ ਸਮੇਂ ਟੌਮੀ ਡਗਲਸ ਐੱਨ ਡੀ ਪੀ ਦਾ ਬਹੁਤ ਮਸ਼ਹੂਰ ਅਤੇ ਉੱਘਾ ਲੀਡਰ ਸੀ। ਉਸ ਨੇ ਮੇਰਾ ਧਿਆਨ ਖਿੱਚਿਆ, ਸਾਡਾ ਧਿਆਨ ਖਿੱਚਿਆ ਅਤੇ ਬਹੁਤ ਸਾਰੇ ਲੋਕਾਂ ਦਾ ਧਿਆਨ ਖਿੱਚਿਆ।

ਉਸ ਸਮੇਂ, 1972-73 ਵਿੱਚ ਐੱਨ ਡੀ ਪੀ ਵਿਚਲਾ, ਖੱਬੇ ਪੱਖੀ, ਵਾਫਲ ਗਰੁੱਪ ਮੇਰੀ ਦਿਲਚਸਪੀ ਨਾਲ ਮੇਲ ਖਾਂਦੀਆਂ ਗੱਲਾਂ ਕਰਦਾ ਸੀ। ਉਹ ਇਕ ਤਰ੍ਹਾਂ ਨਾਲ ਨਵ-ਮਾਰਕਸਵਾਦੀ ਸਨ ਅਤੇ ਉਹ ਉਸ ਤਰ੍ਹਾਂ ਦੇ ਨਜ਼ਰੀਏ ਬਾਰੇ ਗੱਲਾਂ ਕਰਨ ਲੱਗੇ, ਜਿਸ ਨਾਲ ਮੈਂ ਆਪਣੀ ਜਵਾਨੀ ਵੇਲੇ ਤੋਂ ਪਰਣਾਇਆ ਹੋਇਆ ਸੀ। ਸੋ ਇਸ ਤਰ੍ਹਾਂ ਦੇ ਖੱਬੇ ਪੱਖੀ ਪ੍ਰਗਟਾਅ ਨਾਲ ਸਿਆਸਤ ਵਿੱਚ ਮੇਰੀ ਦਿਲਚਸਪੀ ਫਿਰ ਵਧਣ ਲੱਗੀ। ਉਦੋਂ ਤੱਕ ਮੈਂ ਇਕ ਚੰਗੀ ਸਿਧਾਂਤਕ ਸਮਝ ਵਾਲਾ ਅਕਾਦਮਿਕ ਵੀ ਬਣ ਚੁੱਕਾ ਸੀ, ਜਿਹੜਾ ਕਿ ਹਰ ਇਕ ਲਈ ਸੰਭਵ ਨਹੀਂ ਹੁੰਦਾ। ਤੁਹਾਡਾ ਇਨ੍ਹਾਂ ਮੁੱਦਿਆਂ ’ਤੇ ਅੰਤਰਰਾਸ਼ਟਰੀ ਵਿਚਾਰ-ਚਰਚਾ ਅਤੇ ਬਹਿਸਾਂ ਨਾਲ ਵਾਹ ਪੈਂਦਾ ਹੈ, ਤੁਸੀਂ ਖੁਦ ਲਿਖਦੇ ਹੋ, ਤੁਸੀਂ ਬਹਿਸ ਅਤੇ ਸਿਧਾਂਤ ਦੇ ਨਾਲ ਨਾਲ ਅਮਲ ਅਤੇ ਨੀਤੀ ਮੁਤਾਬਕ ਖਾਸ ਮਸਲਿਆਂ ਨੂੰ ਸੰਬੋਧਨ ਹੋਣ ਲੱਗਦੇ ਹੋ। ਇਕ ਸਮਾਜ ਵਿਗਿਆਨੀ (ਸੋਸ਼ਿਓਲੌਜਿਸਟ) ਵੱਜੋਂ, ਮੈਨੂੰ ਦੋਹਾਂ ਦਾ ਸੁਮੇਲ ਕਰਨ ਦੀ ਲੋੜ ਸੀ, ਇਸ ਲਈ ਮਾਰਕਸਵਾਦੀ ਸਿਧਾਂਤ ਅਤੇ ਪ੍ਰਵਚਨ ਵਿੱਚ ਹੋਰ ਸ਼ਿੱਦਤ ਨਾਲ ਦਿਲਚਸਪੀ ਲੈਣ ਲੱਗਾ। ਸਿਰਫ ਕਮਿਊਨਿਟ ਮੈਨੀਫਿਸਟੋ ਵਾਲੇ ਪੁਰਾਣੇ ਮਾਰਕਸਵਾਦ ਜਾਂ ਪਾਰਟੀ ਕਾਂਗਰਸ ਦੇ ਖਰੜਿਆਂ ਵਿੱਚ ਮੇਰੀ ਦਿਲਚਸਪੀ ਨਾ ਰਹੀ। ਮੈਂ ਸਦਾ ਹੀ ਇਹ ਸੋਚਦਾ ਹੁੰਦਾ ਸੀ ਕਿ ਉਹ ਜ਼ਿਆਦਾ ਕੱਟੜ ਸੀ, ਪਰ ਹੁਣ ਅਕਾਦਮਿਕ ਵਾਹ ਅਤੇ ਨਵੀਂਆਂ ਬਹਿਸਾਂ ਅਤੇ ਨਵੀਂ ਸਮੱਗਰੀ ਤੱਕ ਪਹੁੰਚ ਹੋਣ ਕਰਕੇ ਮੈਂ ਉਨ੍ਹਾਂ ਵਿਚਾਰ ਵਟਾਂਦਰਿਆਂ ਵਿੱਚ ਜ਼ਿਆਦਾ ਦਿਲਚਸਪੀ ਲੈਣ ਲੱਗਾ।

ਸੋ ਇਸ ਤਰ੍ਹਾਂ ਸੱਤਰਵਿਆਂ ਦੇ ਸ਼ੁਰੂ ਤੋਂ ਮੇਰੀ ਸਿਆਸਤ ਵਿੱਚ ਦੁਬਾਰਾ ਵਾਪਸੀ ਹੋਈ। ਆਮ ਤੌਰ ’ਤੇ ਕਹਿਣਾ ਹੋਵੇ ਤਾਂ ਨੀਤੀ ਨਾਲ ਸੰਬੰਧਤ ਮਸਲਿਆਂ, ਅੰਤਰਰਾਸ਼ਟਰੀ ਮਸਲਿਆਂ ਅਤੇ ਰਾਜਾਂ ਅਤੇ ਪਾਰਟੀਆਂ ਦੀ ਭੂਮਿਕਾ ਨਾਲ ਸੰਬੰਧਤ ਮਸਲਿਆਂ ਬਾਰੇ ਫਿਕਰ।

ਸਵਾਲ: ਤੁਸੀਂ ਐੱਨ ਡੀ ਪੀ ਵਿੱਚ ਕਿਉਂ ਸ਼ਾਮਲ ਹੋਏ?

ਜਵਾਬ: ਸਾਫ ਸਾਫ ਕਹਿਣਾ ਹੋਵੇ ਤਾਂ ਮੇਰੇ ਸਾਹਮਣੇ ਬਹੁਤ ਥੋੜ੍ਹੀਆਂ ਚੋਣਾਂ ਸਨ। ਇਕ ਸੰਸਥਾਪਕ ਪਾਰਟੀ ਵੱਜੋਂ 1970ਵਿਆਂ ਦੇ ਕੈਨੇਡਾ ਵਿੱਚ ਮਾਰਕਸਵਾਦੀ ਖੱਬੇ ਪੱਖ ਦੀ ਲਗਭਗ ਅਣਹੋਂਦ ਸੀ। ਉਸ ਸਮੇਂ ਅਲਬਰਟਾ ਵਿੱਚ ਪੰਜ ਜਾਂ ਛੇ ਲੋਕਾਂ ਦਾ ਇਕ ਗਰੁੱਪ ਸੀ ਜੋ ਆਪਣੇ ਆਪ ਨੂੰ ਕਮਿਊਨਿਸਟ ਕਹਿੰਦੇ ਸੀ, ਪਰ ਉਨ੍ਹਾਂ ਦਾ ਕੋਈ ਪ੍ਰਭਾਵ ਜਾਂ ਅਸਰ ਨਹੀਂ ਸੀ। ਅਤੇ ਕਿਉਂਕਿ ਮੈਂ ਵਿਚਾਰਧਾਰਕ ਪੱਖ ਤੋਂ ਕੱਟੜ ਨਹੀਂ ਸੀ, ਮੈਂ ਮਾਰਕਸਵਾਦੀ ਕਮਿਊਨਿਸਟ ਪਾਰਟੀ ਨਾਲ ਜੁੜਨ ਤੋਂ ਦੂਰ ਰਿਹਾ। ਐੱਨ ਡੀ ਪੀ ਹੀ ਇੱਕੋ ਇੱਕ ਮਹੱਤਵਪੂਰਨ ਪਾਰਟੀ ਸੀ, ਜਿਸ ਦੀਆਂ ਨੀਤੀਆਂ ਨੇ ਉਸ ਸਮੇਂ ਮੈਨੂੰ ਖਿੱਚਿਆ। ਲਿਬਰਲਾਂ ਨੇ ਨਹੀਂ। ਕੁੱਝ ਕੁ ਮਾਮਲਿਆਂ ਵਿੱਚ ਟਰੂਡੋ ਨੇ ਮੈਨੂੰ ਆਪਣੀ ਵੱਲ ਖਿੱਚਿਆ ਪਰ ਲਿਬਰਲ ਪਾਰਟੀ ਨੇ ਕਦੇ ਨਹੀਂ। ਟੋਰੀਆਂ ਵਿੱਚ ਮੇਰੀ ਮੁੱਢ ਤੋਂ ਹੀ ਕੋਈ ਦਿਲਚਸਪੀ ਨਹੀਂ ਸੀ। ਇਸ ਲਈ ਐੱਨ ਡੀ ਪੀ ਹੀ ਇੱਕੋ ਇੱਕ ਚੋਣ ਸੀ।

ਸਵਾਲ: ਅਲਬਰਟਾ ਦੀ ਉਸ ਵੇਲੇ ਦੀ ਸਿਆਸਤ ਬਾਰੇ ਤੁਹਾਡੇ ਕੀ ਵਿਚਾਰ ਸਨ?

ਜਵਾਬ: ਅਲਬਰਟਾ ਦੀ ਸਿਆਸਤ, ਹਾਂ, ਉਹ ਇਕ ਹੋਰ ਕਾਰਨ ਸੀ ਜਿਸ ਕਰਕੇ ਮੈਂ ਐੱਨ ਡੀ ਪੀ ਵੱਲ ਰੁਚਿਤ ਹੋਇਆ। ਜਦੋਂ ਮੈਂ 1961-62 ਵਿੱਚ ਅਲਬਰਟਾ ਵਿੱਚ ਆਇਆ, ਉਸ ਵੇਲੇ ਸਿਆਸਤ 'ਤੇ ਸੋਸ਼ਲ ਕਰੈਡਿਟ ਪਾਰਟੀ ਗਾਲਬ ਸੀ ਜਿਹੜੀ ਸੰਨ 1935 ਤੋਂ ਸੱਤਾ ਵਿੱਚ ਸੀ ਅਤੇ ਉਸ ਦਾ ਲੀਡਰ ਪ੍ਰੈਸਟਨ ਮੈਨਿੰਗ ਦਾ ਪਿਤਾ ਅਰਨਸਟ ਮੈਨਿੰਗ ਸੀ। ਉਹ ਸੂਬੇ ਦਾ ਪ੍ਰੀਮੀਅਰ ਸੀ। ਉਹ ਇਕ ਪ੍ਰਮੁੱਖ ਸਿਆਸੀ ਸ਼ਖਸੀਅਤ ਸੀ। ਉਸ ਦੇ ਤਜਰਬੇ, ਉਸ ਦੀ ਹੋਂਦ ਅਤੇ ਬਹਿਸ ਕਰਨ ਦੀ ਯੋਗਤਾ ਤੋਂ ਡਰ ਲੱਗਦਾ ਸੀ। ਦਰਅਸਲ ਵਿੱਚ ਸੰਨ 1965 ਦੀ ਪੱਤਝੜ ਰੁੱਤ ਵਿੱਚ ਯੂਨੀਵਰਸਿਟੀ ਦੇ ਕਨਵੋਕੇਸ਼ਨ ਹਾਲ ਵਿੱਚ ਇਕ ਡਿਬੇਟ ਹੋਈ ਸੀ। ਡਿਬੇਟ ਹੋਣ ਦਾ ਕਾਰਨ ਵਿਲੀਅਮਸਨ ਨਾਂ ਦੇ ਇਕ ਵੈਲਸ਼ ਨੌਜਵਾਨ ਅਕਾਦਮਿਕ ਵੱਲੋਂ ਦਿੱਤੀ ਗਈ ਚੁਣੌਤੀ ਸੀ। ਵਿਲੀਅਮਸਨ ਇਕ ਫਿਲਾਸਫਰ ਸੀ ਅਤੇ ਸੋਸ਼ਲ ਕਰੈਡਿਟ ਦੀਆਂ ਨੀਤੀਆਂ ਦਾ ਬਹੁਤ ਵੱਡਾ ਆਲੋਚਕ ਸੀ ਅਤੇ ਉਹ ਸਹੀ ਸੀ ਕਿਉਂਕਿ ਇਹ ਨੀਤੀਆਂ ਬਹੁਤ ਜ਼ਿਆਦਾ ਸੱਜੇ ਪੱਖੀ ਸਨ।

ਇਸ ਲਈ ਉਸ ਨੇ ਪ੍ਰੀਮੀਅਰ ਨੂੰ ਕੈਂਪਸ ਵਿੱਚ ਆ ਕੇ ਆਪਣੇ ਨਾਲ ਬਹਿਸ ਕਰਨ ਦੀ ਚੁਣੌਤੀ ਦਿੱਤੀ ਅਤੇ ਪ੍ਰੀਮੀਅਰ ਨੇ ਇਹ ਚੁਣੌਤੀ ਕਬੂਲ ਕਰ ਲਈ। ਡਿਬੇਟ ਵਾਲੇ ਦਿਨ ਹਾਲ ਪੂਰੀ ਤਰ੍ਹਾਂ ਭਰਿਆ ਹੋਇਆ ਸੀ। ਇਹ ਸਤੰਬਰ ਮਹੀਨੇ ਦਾ ਦਿਨ ਸੀ ਅਤੇ ਦੁਪਹਿਰੋਂ ਬਾਅਦ ਦਾ ਸਮਾਂ ਸੀ । ਮੇਰੀ ਯਾਦ ਮੁਤਾਬਕ ਬਹੁਤ ਸੋਹਣਾ ਦਿਨ ਸੀ। ਪਰ ਪ੍ਰੀਮੀਅਰ ਨੇ ਆਪਣੀ ਬਹਿਸ ਕਰਨ ਦੀ ਯੋਗਤਾ ਨਾਲ ਇਸ ਨੌਜਵਾਨ ਦਾ ਧੂੰਆਂ ਕੱਢ ਦਿੱਤਾ। ਅਸਲ ਵਿੱਚ ਉਸ ਨੂੰ ਹਾਸੇ ਦਾ ਨਿਸ਼ਾਨਾ ਬਣਾ ਦਿੱਤਾ। ਪਰ ਮੈਨਿੰਗ ਦੇ ਬਹੁਤ ਸਾਰੇ ਵਿਰੋਧੀ ਸਨ, ਖਾਸ ਕਰਕੇ ਅਕਾਦਮਿਕ ਖੇਤਰ ਵਿੱਚ ਅਤੇ ਮੈਂ ਇਸ ਅਕਾਦਮਿਕ ਮਾਹੌਲ ਦਾ ਹਿੱਸਾ ਸੀ। ਇਸ ਲਈ ਮੈਂ ਸੋਸ਼ਲ ਕਰੈਡਿਟ ਸਰਕਾਰ ਦੇ ਲਗਾਤਾਰ ਸੱਤਾ ਵਿੱਚ ਰਹਿਣ ਤੋਂ ਬਹੁਤ ਜ਼ਿਆਦਾ ਫਿਕਰਮੰਦ ਸੀ। ਉਸ ਸਮੇਂ ਸਿਰਫ ਇਕ ਹੀ ਪਾਰਟੀ ਉਨ੍ਹਾਂ ਨੂੰ ਚੁਣੌਤੀ ਦੇਣ ਦੇ ਯੋਗ ਲੱਗਦੀ ਸੀ, ਅਤੇ ਉਹ ਸੀ ਐੱਨ ਡੀ ਪੀ। ਉਹ ਚੜ੍ਹਾਈ 'ਤੇ ਸਨ। ਸਸਕੈਚਵਨ ਵਿੱਚ ਉਹ ਪੂਰੇ ਜੋਬਨ 'ਤੇ ਸਨ... ਮਸ਼ਹੂਰੀ ਦੇ ਪੱਧਰ 'ਤੇ, ਕਾਰਗਰਤਾ ਦੇ ਪੱਧਰ 'ਤੇ ਉਹ ਸਿਖਰ 'ਤੇ ਸਨ। ਉਨ੍ਹਾਂ ਨੇ ਸੰਨ 1964-65 ਵਿੱਚ ਮੈਡੀਕੇਅਰ ਲਿਆਂਦਾ ਸੀ। ਉੱਥੇ ਡਗਲਸ (ਟੌਮੀ ਡਗਲਸ) ਅਜੇ ਵੀ ਪ੍ਰੀਮੀਅਰ ਸੀ।

ਸੋ ਇਸ ਤਰ੍ਹਾਂ ਜਾਪਦਾ ਸੀ ਕਿ ਇੱਥੇ ਸੋਸ਼ਲ ਡੈਮੋਕਰੈਟਿਕ ਬਦਲ, ਸੋਸ਼ਲ ਕਰੈਡਿਟ ਦਾ ਭਰੋਸੇਯੋਗ ਬਦਲ ਸੀ। ਇਹ ਸਿਰਫ 1967 ਵਿੱਚ ਹੋਇਆ ਕਿ ਜਦੋਂ ਟੋਰੀ, ਕੁੱਝ ਨੌਜਵਾਨ ਵਕੀਲ ਅਤੇ ਅਕਾਊਂਟੈਂਟ ਲੋਅ-ਹੀਡ ਦੇ ਅਗਵਾਈ ਹੇਠ ਇਕੱਠੇ ਹੋਏ ਅਤੇ ਤਿੰਨ ਜਾ ਚਾਰ ਸੀਟਾਂ ਲੈ ਕੇ ਲੈਜਿਸਲੇਚਰ ਵਿੱਚ ਦਾਖਲ ਹੋਏ ਅਤੇ 1972-73 ਵਿੱਚ ਸੋਸ਼ਲ ਕਰੈਡਿਟ ਪਾਰਟੀ ਦੇ ਪਤਨ ਦਾ ਕਾਰਨ ਬਣੇ।

ਸਵਾਲ: ਕੀ ਤੁਹਾਡੇ ਸਭਿਆਚਾਰਕ ਪਿਛੋਕੜ ਨੇ ਵੀ ਕਿਸੇ ਤਰ੍ਹਾਂ ਅਲਬਰਟਾ ਦੀ ਸਿਆਸਤ ਬਾਰੇ ਤੁਹਾਡੇ ਨਜ਼ਰੀਏ ਨੂੰ ਪ੍ਰਭਾਵਿਤ ਕੀਤਾ ਜਾਂ ਸਿਰਫ ਤੁਹਾਡੇ ਅਕਾਦਮਿਕ ਕੈਰੀਅਰ ਨੇ ਹੀ ਇਸ 'ਤੇ ਅਸਰ ਪਾਇਆ?

ਜਵਾਬ: ਅਕਾਦਮਿਕ ਅਤੇ ਅਕਾਦਮਿਕ ਮਾਹੌਲ ਵਿੱਚ ਉਨ੍ਹਾਂ ਕੁੱਝ ਲੋਕਾਂ ਨਾਲ ਮੇਰੇ ਵਾਹ ਨੇ, ਜਿਹੜੇ ਮੇਰੇ ਦੋਸਤ ਬਣ ਗਏ ਸਨ ਅਤੇ ਜਿਹੜੇ ਸੋਸ਼ਲ ਡੈਮੋਕਰੈਟਿਕ ਸਿਆਸਤ ਬਾਰੇ ਜਾਣਦੇ ਸਨ। ਜੇ ਕਹਿਣਾ ਹੋਵੇ ਤਾਂ ਉਹ ਲੋਕ ਜਿਨ੍ਹਾਂ ਦਾ ਯੂਰਪ ਵਿਚਲੇ ਜਾਂ ਇੱਥੋਂ ਦੇ ਜਾਂ ਹੋਰ ਕਿਤੋਂ ਦੇ ਆਪਣੇ ਪਹਿਲੇ ਤਜਰਬੇ ਵਿੱਚ ਸੈਂਟਰ ਤੋਂ ਖੱਬੇ ਪੱਖੀ ਸਿਆਸਤ ਨਾਲ ਵਾਹ ਪਿਆ ਸੀ।

ਸਵਾਲ: ਫਿਰ ਤੁਸੀਂ ਆਪ ਚੋਣ ਲੜਨ ਬਾਰੇ ਕਦੋਂ ਕੁ ਸੋਚਣ ਲੱਗੇ?

ਜਵਾਬ: ਮੇਰਾ ਖਿਆਲ ਹੈ 1980ਵਿਆਂ ਵਿੱਚ। 1980ਵਿਆਂ ਦੇ ਸ਼ੁਰੂ ਵਿੱਚ ਸ਼ਹਿਰ ਦਾ ਮੇਅਰ ਲਾਰੈਂਸ ਡਿਕੋਰ ਮੇਰਾ ਦੋਸਤ ਸੀ। ਡਿਕੋਰ ਬਾਅਦ ਵਿੱਚ ਸੂਬਾਈ ਲਿਬਰਲ ਪਾਰਟੀ ਦਾ ਲੀਡਰ ਬਣਿਆ ਅਤੇ ਤਿੰਨ ਚਾਰ ਸਾਲ ਪਹਿਲਾਂ ਆਪਣਾ ਅਸਤੀਫਾ ਦੇਣ

ਵਾਲਾ, ਇਸ ਸੂਬੇ ਦੇ ਇਤਿਹਾਸ ਵਿੱਚ ਸਭ ਤੋਂ ਵੱਡੀ ਵਿਰੋਧੀ ਧਿਰ ਦਾ ਆਗੂ ਬਣਿਆ ਸੀ। ਉਸ ਦੀ ਘਰ ਵਾਲੀ ਅਤੇ ਮੈਂ ਯੂਨੀਵਰਸਿਟੀ ਵਿੱਚ ਇਕੱਠੇ ਪੜ੍ਹੇ ਸਾਂ। ਸੋਸ਼ਿਓਲੋਜੀ ਡਿਪਾਰਟਮੈਂਟ ਵਿੱਚ ਅਸੀਂ ਇਕੱਠਿਆਂ ਨੇ ਪਹਿਲਾਂ ਐੱਮ ਏ ਅਤੇ ਫਿਰ ਪੀ ਐੱਚ ਡੀ ਕੀਤੀ ਸੀ। ਇਸ ਲਈ ਲਾਰੈਂਸ ਦੀ ਪਤਨੀ, ਐਨ ਮੈਰੀ ਡਿਕੋਰ ਅਤੇ ਸੁਰਿੰਦਰ ਅਤੇ ਮੈਂ ਬਹੁਤ ਚੰਗੇ ਦੋਸਤ ਬਣ ਗਏ। ਤੁਹਾਨੂੰ ਪਤਾ ਹੀ ਹੈ ਕਿ ਗਰੈਜੂਏਸ਼ਨ ਦੀ ਪੜ੍ਹਾਈ ਇਸ ਤਰ੍ਹਾਂ ਦੀਆਂ ਗੂੜ੍ਹੀਆਂ ਦੋਸਤੀਆਂ ਪੈਦਾ ਕਰਦੀ ਹੈ, ਜਿਹੜੀਆਂ ਹੋਰ ਕੋਈ ਨਹੀਂ ਕਰਦਾ। ਤੁਸੀਂ ਬਹੁਤ ਹੀ ਮੁਸ਼ਕਿਲ ਹਾਲਤਾਂ ਵਿੱਚ ਕੰਮ ਕਰਦੇ ਹੋ, ਅਤੇ ਤੁਹਾਡੇ ’ਤੇ ਬਹੁਤ ਸਾਰਾ ਦਬਾਅ ਅਤੇ ਤਣਾਅ ਹੁੰਦਾ ਹੈ ਅਤੇ ਤੁਹਾਡੇ ਕੋਲੋਂ ਬਹੁਤ ਕੁੱਝ ਦੀ ਮੰਗ ਕੀਤੀ ਜਾਂਦੀ ਹੈ ਅਤੇ ਇਸ ਤੋਂ ਛੁਟਕਾਰਾ ਪਾਉਣ ਦਾ ਇਕੋ ਇਕ ਰਾਹ ਹੁੰਦਾ ਹੈ ਵੀਕਇੰਡ ਤੇ ਮਿਲਣਾ, ਇਕੱਠੇ ਖਾਣਾ ਪੀਣਾ ਅਤੇ ਪਾਰਟੀਆਂ ’ਤੇ ਜਾਣਾ ਅਤੇ ਇਸ ਤਰ੍ਹਾਂ ਦੀਆਂ ਹੋਰ ਚੀਜ਼ਾ ਕਰਨਾ, ਅਤੇ ਅਸੀਂ ਇਹ ਸਭ ਕੁੱਝ ਕਰਦੇ ਸੀ। ਅਸੀਂ ਸਾਰੇ ਨੌਜਵਾਨ ਸੀ। ਅਸੀਂ ਸਾਰੇ ਜੋਸ਼ ਨਾਲ ਭਰਪੂਰ ਸੀ।

ਇਤਿਹਾਸਕ ਤੌਰ ’ਤੇ ਡਿਕੋਰ ਦੇ ਫੈਡਰਲ ਲਿਬਰਲ ਪਾਰਟੀ ਨਾਲ ਬੜੇ ਗੂੜ੍ਹੇ ਸੰਬੰਧ ਸਨ। ਇਹ ਸ਼ਹਿਰ ਦਾ ਇਕ ਸਥਾਪਤ ਸਿਆਸੀ ਪਰਿਵਾਰ ਸੀ, ਪਰ ਉਹ ਸਾਡੇ ਬਹੁਤ ਚੰਗੇ ਦੋਸਤ ਬਣ ਗਏ ਭਾਵੇਂ ਕਿ ਸਾਡੇ ਸਿਆਸੀ ਮੱਤਭੇਦ ਸਨ। ਪਰ ਉਸ ਨਾਲ ਕੋਈ ਫਰਕ ਨਹੀਂ ਸੀ ਪੈਂਦਾ। ਉਸ ਨੇ 1979 ਜਾਂ 1980 ਵਿੱਚ ਅਲਡਰਮੈਨ ਦੀ ਇਲੈਕਸ਼ਨ ਲੜੀ ਸੀ, ਅਤੇ ਉਸ ਸਮੇਂ ਮੈਂ ਉਸ ਦੀ ਮਦਦ ਕੀਤੀ ਸੀ ਕਿਉਂਕਿ ਮਿਉਂਸਲਪਲ ਇਲੈਕਸ਼ਨ ਪਾਰਟੀਆਂ ਦੇ ਆਧਾਰ ’ਤੇ ਨਹੀਂ ਹੁੰਦੀ। ਉਸ ਨੇ ਉਸ ਸਾਲ ਚੰਗਾ ਕੰਮ ਕੀਤਾ ਸੀ। ਫਿਰ ਉਸ ਨੇ ਮੇਅਰ ਦੀ ਇਲੈਕਸ਼ਨ ਲੜਨ ਦਾ ਫੈਸਲਾ ਕੀਤਾ ਅਤੇ ਮੈਂ ਉਸ ਦੀ ਪੂਰਾ ਜ਼ੋਰ ਲਾ ਕੇ ਮਦਦ ਕੀਤੀ ਅਤੇ ਉਹਦੇ ਲਈ ਇੰਡੋ-ਕੈਨੇਡੀਅਨ ਕਮਿਊਨਿਟੀ ਵਿੱਚ ਮਦਦ ਮੰਗੀ। ਉਹ ਦੋ ਵਾਰ ਕਾਮਯਾਬੀ ਨਾਲ ਮੇਅਰ ਚੁਣਿਆ ਗਿਆ। ਮੈਂ ਸ਼ਹਿਰ ਦੇ ਵੱਖ ਵੱਖ ਇਲਾਕਿਆਂ ਤੋਂ 6-10 ਦੂਸਰੇ ਲੋਕਾਂ ਦੇ ਨਾਲ ਉਸ ਦੀ ਐਡਵਾਇਜ਼ਰੀ ਕਮੇਟੀ ਅਤੇ ਸਟਰੈਟਜੀ ਕਮੇਟੀ ਦਾ ਮੈਂਬਰ ਰਿਹਾ ਸੀ। ਅਤੇ ਉਹ ਮੈਨੂੰ ਕਾਊਂਸਲਰ ਲਈ ਜਾਂ ਸਕੂਲ ਬੋਰਡ ਲਈ ਇਲੈਕਸ਼ਨ ਲੜਨ ਲਈ ਉਤਸ਼ਾਹਿਤ ਕਰਨ ਲੱਗਾ। ਮੈਂ ਮਿਉਂਸਪਲ ਪੱਧਰ ’ਤੇ ਉਸ ਦੀ ਮਦਦ ਕਰਨ ਵਿੱਚ ਠੀਕ ਮਹਿਸੂਸ ਕਰਦਾ ਸੀ। ਪਰ ਉਸ ਦੀਆਂ ਸੂਬੇ ਦੀ ਪੱਧਰ ਦੀ ਸਿਆਸਤ ਵਿੱਚ ਜਾਣ ਦੀਆਂ ਖਾਹਿਸ਼ਾਂ ਸਨ। ਜਦੋਂ ਉਸ ਨੇ, ਮੇਰੇ ਖਿਆਲ ਵਿੱਚ 1986 ਵਿੱਚ, ਲਿਬਰਲ ਪਾਰਟੀ ਦੀ ਲੀਡਰਸ਼ਿੱਪ ਲਈ ਲੜਨ ਦਾ ਫੈਸਲਾ ਕੀਤਾ ਅਤੇ ਮੇਰੇ ਕੋਲੋਂ ਮਦਦ ਮੰਗੀ ਤਾਂ ਮੈਂ ਉਸ ਨੂੰ ਕਿਹਾ,"ਦੇਖ ਮੈਂ ਇਕ ਸੋਸ਼ਲਿਸਟ ਹਾਂ। ਤੂੰ ਇਕ ਲਿਬਰਲ ਹੈਂ। ਆਪਾਂ ਚੰਗੇ ਦੋਸਤ ਹਾਂ। ਮੈਨੂੰ ਤੇਰਾ ਦੋਸਤ ਹੋਣਾ ਚੰਗਾ ਲੱਗਦਾ ਹੈ, ਪਰ ਮੈਂ ਆਪਣੀ ਪਾਰਟੀ ਨਹੀਂ ਬਦਲ ਸਕਦਾ। ਇਸ ਲਈ ਮੇਰੇ ਕੋਲੋਂ ਮਦਦ ਦੀ ਆਸ ਨਾ ਰੱਖ।" ਅਸਲ ਵਿੱਚ ਉਸ ਲਈ ਉਸ ਦੀ ਪਤਨੀ ਨੇ ਮੇਰੇ ਕੋਲੋਂ ਪੁੱਛਿਆ ਸੀ। ਉਹ ਹੁਣ ਤੱਕ ਵੀ ਮੇਰੀ ਚੰਗੀ ਦੋਸਤ ਹੈ। ਅਸੀਂ ਦੋਹਾਂ ਨੇ ਪੀ ਐੱਚ ਡੀ ਹੀ ਇਕੱਠਿਆਂ ਨਹੀਂ ਕੀਤੀ ਸੀ ਸਗੋਂ ਸਾਨੂੰ ਦੋਹਾਂ ਨੂੰ ਇਕ ਹੀ ਡਿਪਾਰਟਮੈਂਟ ਵਿੱਚ ਨਿਯੁਕਤੀ ਮਿਲੀ ਸੀ ਅਤੇ ਅਸੀਂ 30 ਸਾਲਾਂ ਲਈ ਇਕੱਠੇ ਪੜ੍ਹਾਇਆ ਸੀ। ਸਾਡੇ ਬੱਚੇ ਇਕੱਠੇ ਵੱਡੇ ਹੋਏ ਹਨ। ਸੋ ਸਾਡਾ ਇਸ ਤਰ੍ਹਾਂ ਦਾ ਰਿਸ਼ਤਾ ਸੀ।

ਇਸ ਲਈ ਮੈਨੂੰ ਐਨ ਮੈਰੀ ਨੂੰ ਦੱਸਣਾ ਪਿਆ ਕਿ, "ਮੈਂ ਲਾਰੈਂਸ ਦੀ ਲਿਬਰਲ ਲੀਡਰਸ਼ਿੱਪ ਲਈ ਮਦਦ ਨਹੀਂ ਕਰ ਸਕਦਾ ਕਿਉਂਕਿ ਮੇਰੀ ਸਿਆਸਤ ਵੱਖਰੀ ਹੈ, ਮੇਰੀ ਵਫਾਦਾਰੀ ਵੱਖਰੀ ਹੈ।" 1980ਵਿਆਂ ਵਿੱਚ ਮੇਰੇ ਮਨ ਵਿੱਚ ਇਲੈਕਸ਼ਨ ਲੜਨ ਦਾ ਖਿਆਲ ਆਇਆ। ਕੁੱਝ ਹੱਦ ਤੱਕ ਇਸ ਕਰਕੇ ਕਿਉਂਕਿ ਮੇਰਾ ਮਿਉਂਸਪਲ ਸਿਆਸਤ ਨਾਲ ਸੰਬੰਧ ਸੀ ਅਤੇ ਕੁੱਝ ਹੱਦ ਤੱਕ ਇਸ ਕਰਕੇ ਕਿਉਂਕਿ ਟੋਰੀਆਂ ਦਾ ਏਜੰਡਾ ਸਪਸ਼ਟ ਹੋ ਰਿਹਾ ਸੀ ਅਤੇ ਪਹਿਲਾਂ ਦੇ ਮੁਕਾਬਲੇ ਉਨ੍ਹਾਂ ਦਾ ਸੱਜੇ ਵੱਲ ਨੂੰ ਮੋੜਾ ਸਾਫ ਦਿਖਾਈ ਦੇਣ ਲੱਗ ਪਿਆ ਸੀ। ਅਸਲ ਵਿੱਚ ਇਹ 1970ਵਿਆਂ ਦੇ ਅਖੀਰ ਦੀ ਗੱਲ ਹੈ ਕਿ ਮੈਂ ਫੈਡਰਲ ਲਿਬਰਲਾਂ ਤੋਂ ਬਹੁਤ ਜ਼ਿਆਦਾ ਨਿਰਾਸ਼ ਹੋ ਗਿਆ ਸੀ। ਪੂੰਜੀਵਾਦੀ ਆਰਥਿਕਤਾ ਦੇ ਸੰਕਟ ਨਾਲ ਨਜਿੱਠਣ ਲਈ ਉਹ ਬਹੁਤ ਜ਼ਿਆਦਾ ਸੱਜੇ ਪਾਸੇ ਨੂੰ ਮੁੜ ਗਏ ਸਨ।

ਪਰ 1986 ਵਿੱਚ ਸਾਡੇ ਪਰਿਵਾਰ ਵਿੱਚ ਇਕ ਨਿੱਜੀ ਦੁਖਾਂਤ ਵਾਪਰ ਗਿਆ। ਮੇਰੀ ਭੈਣ ਇਸ ਸ਼ਹਿਰ ਵਿੱਚ ਰਹਿੰਦੀ ਸੀ ਅਤੇ ਮੇਰਾ ਭਰਾ ਵੀ। ਅਤੇ ਸੰਨ 1986 ਵਿੱਚ ਮੇਰੀ ਭੈਣ ਦੇ ਪਤੀ ਨੇ ਉਸ ਨੂੰ ਕਤਲ ਕਰ ਦਿੱਤਾ। ਇਹ ਸਾਡੇ ਲਈ ਬਹੁਤ ਹੀ ਦੁਖਦਾਈ ਗੱਲ ਸੀ। ਅਸੀਂ ਇਸ ਦੁੱਖ ਨਾਲ ਬੁਰੀ ਤਰ੍ਹਾਂ ਝੰਬੇ ਗਏ। ਇੱਥੇ ਅਤੇ ਹਿੰਦੁਸਤਾਨ ਵਿੱਚ ਸਾਡਾ ਪਰਿਵਾਰ ਇਕ ਜਾਣਿਆ ਪਛਾਣਿਆ ਪਰਿਵਾਰ ਸੀ। ਅਸੀਂ ਕਦੇ ਸੁਫਨਾ ਵੀ ਨਹੀਂ ਲਿਆ ਸੀ ਕਿ ਇਸ ਤਰ੍ਹਾਂ ਦੀ ਗੱਲ ਸਾਡੇ ਨਾਲ ਵਾਪਰ ਸਕਦੀ ਸੀ। ਪਰ ਇਹ ਵਾਪਰੀ ਅਤੇ ਇਸ ਨੇ ਸਿਆਸਤ ਦੇ ਸੰਬੰਧ ਵਿੱਚ ਹਰ ਚੀਜ਼ ਨੂੰ ਪਿੱਛੇ ਧੱਕ ਦਿੱਤਾ। ਮੇਰੀ ਭੈਣ ਆਪਣੇ ਪਿੱਛੇ ਦੋ ਬੱਚੇ ਛੱਡ ਗਈ ਸੀ। ਉਹਨਾਂ ਦੀ ਜ਼ਿੰਮੇਵਾਰੀ ਸਾਡੇ ’ਤੇ, ਮੇਰੇ ਅਤੇ ਮੇਰੇ ਭਰਾ ’ਤੇ, ਆ ਪਈ। ਉਹ ਅੱਲੜ੍ਹ ਉਮਰ ਦੇ ਸਨ, ਇਹ ਉਮਰ ਉਦਾਂ ਹੀ ਅਸ਼ਾਂਤ ਹੁੰਦੀ ਹੈ, ਅਤੇ ਜਦੋਂ ਇਸ ਤਰ੍ਹਾਂ ਦਾ ਕੁੱਝ ਹੋ ਜਾਵੇ ਤਾਂ ਬਹੁਤ ਔਖਾ ਹੋ ਜਾਂਦਾ ਹੈ। ਉਨ੍ਹਾਂ ਨੇ ਆਪਣੇ ਮਾਪੇ ਗੁਆ ਲਏ ਸਨ, ਇਕ ਦਾ ਕਤਲ ਹੋ ਗਿਆ ਸੀ ਅਤੇ ਦੂਸਰਾ ਜੇਲ੍ਹ ਚਲਾ ਗਿਆ ਸੀ। ਇਸ ਲਈ ਉਨ੍ਹਾਂ ਦਾ ਕੋਈ ਵੀ ਸਹਾਰਾ ਨਹੀਂ ਰਿਹਾ ਸੀ।

ਇਸ ਲਈ ਅਗਲੇ ਪੰਜ-ਛੇ ਸਾਲ ਬਹੁਤ ਚੁਣੌਤੀਆਂ ਭਰਪੂਰ ਸਨ ਅਤੇ ਸਾਡੇ ਦੋਹਾਂ ਪਰਿਵਾਰਾਂ, ਮੇਰੇ ਅਤੇ ਮੇਰੇ ਭਰਾ ਦੇ, ਲਈ ਇਸ ਵੱਲ ਵੱਧ ਤੋਂ ਵੱਧ ਧਿਆਨ ਦੇਣ ਦੀ ਲੋੜ ਸੀ ਤਾਂ ਕਿ ਨਵੀਆਂ ਪੈਦਾ ਹੋਈਆਂ ਸਥਿਤੀਆਂ ਨਾਲ ਨਜਿੱਠਿਆ ਜਾ ਸਕੇ। ਇਸ

ਲਈ ਮੇਰੀ ਸਿਆਸਤ ਵਿੱਚ ਦਿਲਚਸਪੀ ਤਾਂ ਰਹੀ, ਪਰ ਇਸ ਵਿੱਚ ਸਰਗਰਮੀ ਬਿਲਕੁਲ ਖਤਮ ਹੋ ਗਈ ਸਿਵਾਏ ਸੂਬਾਈ ਜਾਂ ਫੈਡਰਲ ਇਲੈਕਸ਼ਨਾਂ ਦੌਰਾਨ ਕੰਮ ਕਰਨ ਦੇ। ਮੈਂ ਐੱਨ ਡੀ ਪੀ ਦੇ ਉਮੀਦਵਾਰਾਂ ਦੀ ਮਦਦ ਕਰਨੀ ਜਾਰੀ ਰੱਖੀ, ਖਾਸ ਕਰਕੇ ਇਸ ਹਲਕੇ ਵਿੱਚ, ਮੇਰੇ ਹਲਕੇ ਵਿੱਚ। ਅਤੇ ਅਸੀਂ ਉਮੀਦਵਾਰਾਂ ਨੂੰ ਜਿਤਾਉਣ ਵਿੱਚ ਕਾਮਯਾਬ ਹੁੰਦੇ ਰਹੇ।

1970ਵਿਆਂ ਦੇ ਅਖੀਰ 'ਤੇ ਥੈਚਰਿਜ਼ਮ ਦੀ ਚੜ੍ਹਤ ਨਾਲ, ਚੜ੍ਹਤ ਨਾਲ ਨਹੀਂ ਪਰ ਸਰਕਾਰੀ ਨੀਤੀਆਂ 'ਤੇ ਇਸ ਦੇ ਅਸਰ ਕਾਰਨ, ਸਿਰਫ ਇੱਥੇ ਹੀ ਨਹੀਂ, ਅਮਰੀਕਾ ਵਿੱਚ ਰੇਗਨਿਜ਼ਮ ਅਤੇ ਇਸ ਤਰ੍ਹਾਂ ਦੀਆਂ ਗੱਲਾਂ ਨਾਲ ਮੇਰਾ ਭਰਮ ਪੂਰੀ ਤਰ੍ਹਾਂ ਦੂਰ ਹੋ ਗਿਆ ਅਤੇ ਮੇਰੀ ਖੋਜ ਪੂੰਜੀਵਾਦ ਦੇ ਅਸਲ ਸੁਭਾਅ ਅਤੇ ਸੱਜੇ ਪੱਖੀ ਪੁਨਰਗਠਨ ਵੱਲ ਮੁੜ ਗਈ। ਸਿਆਸਤ ਵਿੱਚ, ਜਮਾਤੀ ਰਿਸ਼ਤਿਆਂ ਅਤੇ ਇਸ ਤਰ੍ਹਾਂ ਦੀਆਂ ਹੋਰ ਗੱਲਾਂ ਵਿੱਚ ਇਸ ਦਾ ਕੀ ਅਰਥ ਸੀ? ਮੈਂ ਇਸ ਬਾਰੇ ਲਿਖਣ ਲੱਗਾ, ਇਸ ਬਾਰੇ ਖੋਜ ਕਰਨ ਲੱਗਾ। ਅਤੇ ਮੈਂ ਦੁਨੀਆ ਭਰ ਵਿੱਚ ਅੰਤਰਰਾਸ਼ਟਰੀ ਕਾਨਫਰੰਸਾਂ ਵਿੱਚ ਜਾ ਕੇ ਇਨ੍ਹਾਂ ਮਸਲਿਆਂ ਬਾਰੇ ਪੇਸ਼ਕਾਰੀਆਂ ਕਰਨ ਲੱਗਾ, ਅਤੇ ਇਸ ਬਾਰੇ ਲੋਕਾਂ ਦਾ ਹੁੰਗਾਰਾ ਬਹੁਤ ਵਧੀਆ ਸੀ।

ਅਚਾਨਕ ਹੀ ਮੈਨੂੰ ਲੱਗਾ ਮੇਰੇ ਕੋਲ ਕੁੱਝ ਕਹਿਣ ਨੂੰ ਹੈ ਜਾਂ ਲੋਕਾਂ ਨੇ ਸੋਚਿਆ ਕਿ ਇਹਦੇ ਕੋਲ ਕੁੱਝ ਕਹਿਣ ਨੂੰ ਹੈ। ਉਹ ਅਜਿਹੀ ਗੱਲਬਾਤ ਸੁਣਨੀ ਚਾਹੁੰਦੇ ਸਨ ਅਤੇ ਸਮਝਦੇ ਸਨ ਕਿ ਮੇਰੇ ਕੋਲ ਕਹਿਣ ਲਈ ਕੁੱਝ ਤਾਜ਼ਾ ਜਾਂ ਨਵਾਂ ਜਾਂ ਸੂਝ ਵਾਲਾ ਹੈ। ਇਸ ਨੇ ਮੈਨੂੰ ਉਤਸ਼ਾਹਿਤ ਕੀਤਾ ਅਤੇ ਜੋ ਕੁੱਝ ਮੈਂ ਕਹਿ ਰਿਹਾ ਸੀ, ਉਸ ਨਾਲ ਮੇਰੇ ਮਨ ਵਿੱਚ ਕੋਈ ਸ਼ੱਕ ਨਾ ਰਿਹਾ ਕਿ ਤੁਸੀਂ ਸਿਰਫ ਖੋਜ ਹੀ ਨਹੀਂ ਕਰਦੇ ਰਹਿ ਸਕਦੇ, ਤੁਹਾਨੂੰ ਸਿਆਸੀ ਤੌਰ 'ਤੇ ਸਰਗਰਮ ਹੋਣ ਦੀ ਲੋੜ ਹੈ।

ਸੋ ਇਸ ਤਰ੍ਹਾਂ ਮੈਂ ਉਸ ਪਾਸੇ ਵੱਲ ਨੂੰ ਆ ਰਿਹਾ ਸੀ। ਸੰਨ 1996 ਵਿੱਚ ਮੈਂ ਯੂਨੀਵਰਸਿਟੀ ਤੋਂ ਅਗੇਤੀ ਰਿਟਾਇਰਮੈਂਟ ਲੈਣ ਦਾ ਫੈਸਲਾ ਕੀਤਾ। ਇਸ ਦਾ ਇਕ ਕਾਰਨ ਇਹ ਸੀ ਕਿ ਮੈਂ ਵਿੱਚ ਯੂਨੀਵਰਸਿਟੀ ਦੇ ਪ੍ਰਬੰਧਕਾਂ ਵੱਲੋਂ ਨਵ ਰੂੜੀਵਾਦੀਆਂ (ਨਿਓ ਕੰਜ਼ਰਵਟਿਵਜ਼) ਨੂੰ ਖੁਸ਼ ਕਰਨ ਲਈ ਕੀਤੀਆਂ ਜਾ ਰਹੀਆਂ ਤਬਦੀਲੀਆਂ ਵਿਰੁੱਧ ਕੁੱਝ ਲੜਾਈਆਂ ਲੜੀਆਂ ਸਨ, ਪਰ ਉਨ੍ਹਾਂ ਵਿੱਚ ਮੇਰੀ ਹਾਰ ਹੋਈ ਸੀ। ਮੈਨੂੰ ਪਤਾ ਸੀ ਕਿ ਉਨ੍ਹਾਂ ਵਿੱਚ ਮੇਰੀ ਹਾਰ ਹੋਵੇਗੀ ਅਤੇ ਮੈਂ ਇਹ ਹੀ ਗੱਲ ਆਪਣੇ ਅਸਟ੍ਰੇਲੀਆ ਦੇ ਦੋਸਤਾ ਤੋਂ ਸੁਣੀ ਸੀ, ਆਪਣੇ ਇੰਗਲੈਂਡ ਵਾਲੇ ਦੋਸਤਾਂ ਤੋਂ ਸੁਣੀ ਸੀ, ਆਪਣੇ ਅਮਰੀਕਾ ਦੇ ਦੋਸਤਾਂ ਤੋਂ ਅਤੇ ਬ੍ਰਾਜ਼ੀਲ ਅਤੇ ਅਰਜਨਟੀਨਾ ਦੇ ਦੋਸਤਾਂ ਤੋਂ ਸੁਣੀ ਸੀ। ਇਹ ਹਰ ਥਾਂ ਹੋ ਰਿਹਾ ਸੀ ਅਤੇ ਇਨ੍ਹਾਂ ਥਾਂਵਾਂ 'ਤੇ ਮੇਰੇ ਬਹੁਤ ਸਾਰੇ ਕੁਲੀਗ ਇਸ ਤਰ੍ਹਾਂ ਦੇ ਕਈ ਮਸਲਿਆਂ 'ਤੇ ਕੰਮ ਕਰ ਰਹੇ ਸਨ।

ਮੇਰਾ ਖਿਆਲ ਹੈ ਕਿ ਇਸ ਤਰ੍ਹਾਂ ਮੈਂ ਪੂਰੀ ਤਰ੍ਹਾਂ ਤਿਆਰ ਸੀ। ਇਸ ਲਈ ਯੂਨੀਵਰਸਿਟੀ ਤੋਂ ਨਿਰਾਸ਼ ਹੋ ਕੇ ਮੈਂ ਅਗੇਤੀ ਰਿਟਾਇਰਮੈਂਟ ਲੈ ਲਈ। ਮੇਰਾ ਰਿਟਾਇਰਮੈਂਟ ਦਾ ਅਸਲੀ ਸਮਾਂ ਜੂਨ 1999 ਵਿੱਚ ਹੋਣਾ ਸੀ, ਪਰ ਮੈਂ ਅਗੇਤੀ ਰਿਟਾਇਰਮੈਂਟ ਲੈ ਲਈ ਅਤੇ ਮੈਨੂੰ ਪਤਾ ਨਹੀਂ ਕੀ ਮੈਂ ਕੀ ਕਰਾਂਗਾ। ਮੈਂ ਸੋਚਿਆ ਸੀ ਕਿ ਮੈਂ ਕੁੱਝ ਖੋਜ ਕਰਾਂਗਾ ਜਾਂ ਲਿਖਾਂਗਾ। ਮੈਂ ਪੱਛਮੀ ਬੰਗਾਲ ਵਿੱਚ ਸੀ ਪੀ ਐੱਮ ਵੱਲੋਂ ਪੰਚਾਇਤੀ ਪ੍ਰਬੰਧ ਅਤੇ ਵਿਦਿਆ ਵਿੱਚ ਕੀਤੀਆਂ ਢਾਂਚਾਗਤ ਤਬਦੀਲੀਆਂ ਬਾਰੇ ਖੋਜ ਕਰਨ ਦਾ ਪ੍ਰੋਜੈਕਟ ਬਣਾਇਆ ਸੀ। ਅਸਲ ਵਿੱਚ ਮੈਂ ਯੂਨੀਵਰਸਿਟੀ ਦੀ ਇਕ ਗਰਾਂਟ ਨਾਲ ਕਲਕੱਤੇ ਵਿੱਚ ਪੰਜ ਮਹੀਨੇ ਬਿਤਾਏ ਸਨ। ਮੈਂ ਇਹ ਪ੍ਰੋਜੈਕਟ ਸ਼ੁਰੂ ਕਰ ਲਿਆ ਸੀ ਅਤੇ ਇਸ ਲਈ ਮੈਂ ਇਸ ਨੂੰ ਮੁਕਾਉਣਾ ਚਾਹੁੰਦਾ ਸੀ। ਇਸ ਲਈ ਮੈਂ ਸੋਚਿਆ ਕਿ ਮੈਂ ਰਿਟਾਇਰ ਹੋ ਕੇ ਉਸ 'ਤੇ ਕੰਮ ਕਰ ਸਕਾਂਗਾ।

ਪਰ ਜਿਉਂ ਹੀ ਮੈਂ ਰਿਟਾਇਰ ਹੋਇਆ, ਮੇਰੇ ਐੱਨ ਡੀ ਪੀ ਦੇ ਦੋਸਤਾਂ ਨੂੰ ਪਤਾ ਲੱਗ ਗਿਆ ਕਿ ਮੈਂ ਹੁਣ ਇਲੈਕਸ਼ਨ ਲੜਨ ਲਈ ਵਿਹਲਾ ਹਾਂ, ਇਸ ਲਈ ਉਹ ਇਲੈਕਸ਼ਨ ਲੜਨ ਲਈ ਮੇਰੀ ਬਾਂਹ ਮਰੋੜਨ ਲੱਗੇ। ਮੇਰਾ ਖਿਆਲ ਹੈ ਕਿ ਇਹ ਜੁਲਾਈ ਦੀ ਗੱਲ ਹੋਵੇਗੀ, ਜਦੋਂ ਮੈਂ ਇਕ ਕਾਨਫਰੰਸ 'ਤੇ ਅਸਟ੍ਰੇਲੀਆ ਗਿਆ ਹੋਇਆ ਸੀ। ਅਸੀਂ, ਮੈਂ ਅਤੇ ਸੁਰਿੰਦਰ, ਥੋੜ੍ਹਾ ਜਿਹਾ ਅਸਟ੍ਰੇਲੀਆ ਵਿੱਚ ਘੁੰਮੇ ਫਿਰੇ ਅਤੇ ਫਿਰ ਜੁਲਾਈ ਦੇ ਅਖੀਰ 'ਤੇ ਇੱਥੇ ਵਾਪਸ ਆ ਗਏ। ਇਹ ਅਗਸਤ ਦੀ ਗੱਲ ਹੈ, ਜਦੋਂ ਅਸੀਂ ਅਚਾਨਕ ਹੀ ਮੇਰੇ ਕੁੱਝ ਦੋਸਤਾਂ ਨੂੰ ਮਿਲੇ। ਇੱਥੇ ਇਕ ਫਰਿੰਜ ਫੈਸਟੀਵਲ ਹੁੰਦਾ ਹੈ ਅਤੇ ਅਸੀਂ ਉਸ ਵਿੱਚ ਇਕ ਨਾਟਕ ਦੇਖਣ ਜਾਣ ਲਈ ਲਾਇਨ ਵਿੱਚ ਖੜ੍ਹੇ ਸੀ, ਅਤੇ ਸਾਡੇ ਪਿੱਛੇ ਮੇਰੇ ਚਾਰ ਪੰਜ ਪੁਰਾਣੇ ਦੋਸਤ ਖੜ੍ਹੇ ਸਨ। ਉਨ੍ਹਾਂ ਵਿੱਚੋਂ ਇਕ ਮੇਰੇ ਕੋਲ ਆਈ ਅਤੇ ਬੋਲੀ, "ਮੈਨੂੰ ਪਤਾ ਲੱਗਾ ਹੈ ਕਿ ਤੂੰ ਰਿਟਾਇਰ ਹੋ ਗਿਆ ਹੈਂ। ਤੂੰ ਇਸ ਹਲਕੇ ਤੋਂ ਸੂਬਾਈ ਪੱਧਰ 'ਤੇ ਇਕ ਬਹੁਤ ਵਧੀਆ ਉਮੀਦਵਾਰ ਹੋਵੇਂਗਾ ਅਤੇ ਮੈਂ ਚਾਹੁੰਦੀ ਹਾਂ ਕਿ ਤੂੰ ਇਲੈਕਸ਼ਨ ਲੜੇਂ। ਅਸੀਂ ਤੇਰੀ ਮਦਦ ਕਰਾਂਗੇ।" ਉਹ ਇਸ ਸ਼ਹਿਰ ਦੀ ਇਕ ਵਕੀਲ ਸੀ ਅਤੇ ਕਈ ਸਾਲ ਅਲਬਰਟਾ ਦੀ ਐੱਨ ਡੀ ਪੀ ਦੀ ਪ੍ਰੈਜ਼ੀਡੈਂਟ ਰਹਿ ਚੁੱਕੀ ਸੀ।

ਮੈਂ ਜੀਨ ਨੂੰ ਕਿਹਾ, "ਅਸੀਂ ਦੇਖਾਂਗੇ। ਮੇਰੀ ਇਸ ਵਿੱਚ ਕੋਈ ਦਿਲਚਸਪੀ ਨਹੀਂ। ਮੈਂ ਹੁਣੇ ਹੀ ਰਿਟਾਇਰ ਹੋਇਆਂ ਹਾਂ। ਮੈਂ ਅਤੇ ਮੇਰੀ ਪਤਨੀ ਕੁੱਝ ਸੈਰ ਸਪਾਟਾ ਕਰਨਾ ਚਾਹੁੰਦੇ ਹਾਂ। ਮੇਰਾ ਕੁੱਝ ਅਕਾਦਮਿਕ ਕੰਮ ਰਹਿੰਦਾ ਹੈ, ਇਕ ਸਕਾਲਰ ਵੱਜੋਂ ਕਰਨ ਵਾਲਾ ਕੰਮ ਰਹਿੰਦਾ ਹੈ। ਮੈਂ ਉਹ ਕੰਮ ਖਤਮ ਕਰਨਾ ਚਾਹੁੰਦਾ ਹਾਂ। ਇਸ ਨੂੰ ਘੱਟੋ ਘੱਟ ਦੋ ਸਾਲ ਲੱਗਣਗੇ। ਇਸ ਲਈ ਮੈਂ ਇਲੈਕਸ਼ਨ ਲੜਨ ਲਈ ਤਿਆਰ ਨਹੀਂ। ਮੈਂ ਇਹ ਇਲੈਕਸ਼ਨ ਨਹੀਂ ਲੜ ਸਕਦਾ, ਜਿਹੜੀ ਕਿ ਕਦੇ ਵੀ ਹੋ ਸਕਦੀ ਹੈ।" ਉਹ

ਕਹਿੰਦੀ, "ਤੂੰ ਇਸ ਬਾਰੇ ਥੋੜ੍ਹਾ ਸੋਚ ਲੈ।" ਫਿਰ ਮਹੀਨੇ ਕੁ ਬਾਅਦ, ਐਨ ਡੀ ਪੀ ਦੇ ਉਸ ਸਮੇਂ ਦੇ ਐੱਮ ਐੱਲ ਏ, ਜਿਹੜਾ ਕਿ ਇਕ ਵਕੀਲ ਵੀ ਸੀ, ਨੇ ਮੈਨੂੰ ਫੋਨ ਕੀਤਾ ਅਤੇ ਪੁੱਛਿਆ," ਜੀਨ ਨੇ ਤੇਰੇ ਨਾਲ ਗੱਲ ਕੀਤੀ ਸੀ। ਕੀ ਤੂੰ ਉਸ ਬਾਰੇ ਸੋਚਿਆ। ਅਸੀਂ ਅਜੇ ਵੀ ਸੋਚਦੇ ਹਾਂ ਕਿ ਤੈਨੂੰ ਇਲੈਕਸ਼ਨ ਲੜਨੀ ਚਾਹੀਦੀ ਹੈ।" ਮੈਂ ਘਰ ਗੱਲ ਕੀਤੀ। ਮੈਂ ਆਪਣੇ ਭਰਾ ਅਤੇ ਉਸ ਦੇ ਪੁੱਤ ਨਾਲ ਗੱਲ ਕੀਤੀ। ਅਸਲ ਵਿੱਚ ਮੇਰੇ ਭਤੀਜੇ ਨੇ ਕਿਹਾ,"ਅੰਕਲ ਤੁਹਾਨੂੰ ਜ਼ਰੂਰ ਇਲੈਕਸ਼ਨ ਲੜਨੀ ਚਾਹੀਦੀ ਹੈ। ਤੁਹਾਡੇ ਕਰਨ ਵਾਲੀ ਇਸ ਤੋਂ ਚੰਗੀ ਗੱਲ ਹੋਰ ਕੋਈ ਨਹੀਂ। ਤੁਹਾਨੂੰ ਜ਼ਰੂਰ ਇਲੈਕਸ਼ਨ ਲੜਨੀ ਚਾਹੀਦੀ ਹੈ।" ਅਖੀਰ ਵਿੱਚ ਉਨ੍ਹਾਂ ਨੇ ਮੈਨੂੰ ਰਜ਼ਾਮੰਦ ਕਰ ਲਿਆ। ਅਤੇ ਅਕਤੂਬਰ ਵਿੱਚ ਮੈਂ ਉਨ੍ਹਾਂ ਨੂੰ ਦੱਸ ਦਿੱਤਾ, "ਹਾਂ, ਮੈਂ ਇਲੈਕਸ਼ਨ ਲੜਾਂਗਾ"।

ਸਵਾਲ: ਨਾਮਜ਼ਦਗੀ (ਨੌਮੀਨੇਸ਼ਨ) ਦਾ ਅਮਲ ਕਿਸ ਤਰ੍ਹਾਂ ਸੀ? ਕੀ ਕੋਈ ਹੋਰ ਵੀ ਉਮੀਦਵਾਰ ਨਾਮਜ਼ਦਗੀ ਲੈਣ ਲਈ ਖੜ੍ਹਾ ਹੋਇਆ ਸੀ?

ਜਵਾਬ: ਹਾਂ, ਹੋਰ ਵੀ ਲੋਕ ਨਾਮਜ਼ਦਗੀ ਲੈਣ ਲਈ ਖੜ੍ਹੇ ਹੋਏ ਸਨ। ਦੋ ਹੋਰ ਬਹੁਤ ਵਧੀਆ ਉਮੀਦਵਾਰ ਸਨ। ਦੋਵੇਂ ਮੇਰੇ ਤੋਂ ਕਾਫੀ ਛੋਟੇ ਹਨ। ਇਕ ਅਲਬਰਟਾ ਫੈਡਰੇਸ਼ਨ ਆਫ ਲੇਬਰ ਵਿੱਚ ਕੰਮ ਕਰਦਾ ਹੈ। ਉਹ ਬਹੁਤ ਹੀ ਹੋਣਹਾਰ ਨੌਜਵਾਨ ਹੈ। ਸੋਹਣਾ, ਸੁਨੱਖਾ ਅਤੇ ਸੰਭਾਵਨਾਵਾਂ ਨਾਲ ਭਰਪੂਰ। ਮੇਰਾ ਖਿਆਲ ਹੈ ਕਿ ਉਹ ਕਿਸੇ ਵਕਤ ਪਾਰਟੀ ਦਾ ਇਕ ਚੰਗਾ ਲੀਡਰ ਬਣੇਗਾ। ਅਤੇ ਦੂਸਰੀ, ਚੀਨੀ ਮੂਲ ਦੀ ਇਕ ਔਰਤ ਸੀ। ਉਹ ਇੱਥੇ ਜੰਮੀ ਪਲੀ ਹੈ ਅਤੇ ਇਕ ਸਮਾਜਕ ਖੋਜੀ (ਸੋਸ਼ਲ ਰਿਸਰਚਰ) ਹੈ। ਇਸ ਤਰ੍ਹਾਂ ਅਸੀਂ ਤਿੰਨ ਜਣੇ ਸਾਂ। ਪਰ ਮੈਂ ਆਪਣਾ ਤਿਆਰੀ ਕੀਤੀ ਹੋਈ ਸੀ। ਮੈਨੂੰ ਇਹ ਨਹੀਂ ਪਤਾ ਸੀ ਕਿ ਲੋਕ ਅਕਾਦਮਿਕ ਲੋਕਾਂ 'ਤੇ ਚੰਗਾ ਭਰੋਸਾ ਕਰਦੇ ਹਨ। ਮੈਨੂੰ ਪਤਾ ਲੱਗਾ ਕਿ ਲੋਕਾਂ ਨੂੰ ਮੇਰੇ 'ਤੇ ਵਿਸ਼ਵਾਸ ਸੀ। ਲੋਕੀ ਮੇਰਾ ਨਾਂ ਜਾਣਦੇ ਸਨ। ਮੈਂ ਕਈ ਤਰ੍ਹਾਂ ਦੀਆਂ ਚੀਜ਼ਾਂ ਵਿੱਚ ਸ਼ਾਮਲ ਰਿਹਾ ਸੀ, ਇਸ ਲਈ ਮੇਰੇ ਖਿਆਲ ਵਿੱਚ ਲੋਕ ਮੈਨੂੰ ਮੇਰੀ ਆਸ ਤੋਂ ਵੱਧ ਜਾਣਦੇ ਸਨ। ਮੇਰੇ ਬਹੁਤ ਸਾਰੇ ਪੁਰਾਣੇ ਵਿਦਿਆਰਥੀ ਮੇਰੇ ਹਲਕੇ ਵਿੱਚ ਰਹਿੰਦੇ ਸਨ, ਅਤੇ ਉਨ੍ਹਾਂ ਨੂੰ ਇਸ ਗੱਲ ਦੀ ਖੁਸ਼ੀ ਸੀ ਕਿ ਮੈਂ ਇਲੈਕਸ਼ਨ ਲੜ ਰਿਹਾ ਸੀ।

ਇਸ ਤਰ੍ਹਾਂ ਮੈਂ ਪਹਿਲੀ ਬੈਲਟ ਵਿੱਚ ਹੀ ਨਾਮਜ਼ਦਗੀ ਜਿੱਤ ਲਈ ਸੀ, ਜਿਸ ਤੋਂ ਸਾਰੇ ਜਣੇ ਹੈਰਾਨ ਸਨ। ਨਾਮਜ਼ਦਗੀ ਦੀ ਚੋਣ ਸਮੇਂ ਬਹੁਤ ਸਾਰੇ ਲੋਕ ਆਏ ਸਨ। ਮੀਟਿੰਗ ਵਿੱਚ ਲਗਭਗ 200 ਲੋਕ ਹਾਜ਼ਰ ਸਨ, ਜਿਹੜੇ ਕਿ ਐੱਨ ਡੀ ਪੀ ਦੀ ਨਾਮਜ਼ਦਗੀ ਵਾਲੀ ਮੀਟਿੰਗ ਲਈ ਇਕ ਅਸਾਧਾਰਣ ਗੱਲ ਸੀ। ਸ਼ਾਇਦ ਇਹ 5 ਦਸੰਬਰ 1996 ਦਾ ਦਿਨ ਸੀ, ਜਿਸ ਦਿਨ ਮੈਨੂੰ ਨਾਮਜ਼ਦਗੀ ਹਾਸਲ ਹੋ ਗਈ।

ਸਵਾਲ: ਇਲੈਕਸ਼ਨ ਕਦੋਂ ਹੋਣੀ ਸੀ? ਕੀ ਉਸ ਸਮੇਂ ਇਲੈਕਸ਼ਨ ਦਾ ਐਲਾਨ ਹੋ ਚੁੱਕਾ ਸੀ?

ਜਵਾਬ: ਉਸ ਸਮੇਂ ਇਲੈਕਸ਼ਨ ਦਾ ਐਲਾਨ ਨਹੀਂ ਹੋਇਆ ਸੀ। ਉਹ ਦੋ ਮਹੀਨੇ ਬਾਅਦ ਹੋਇਆ। ਮੇਰੇ ਖਿਆਲ ਵਿੱਚ ਇਹ ਐਲਾਨ ਜਨਵਰੀ ਵਿੱਚ ਹੋਇਆ ਸੀ ਅਤੇ ਮਾਰਚ ਗਿਆਰਾਂ ਨੂੰ ਇਲੈਕਸ਼ਨ ਹੋਣੀ ਸੀ ਜਾਂ ਸ਼ਾਇਦ ਐਲਾਨ ਫਰਵਰੀ ਵਿੱਚ ਹੋਇਆ ਸੀ। ਇਸ ਤਰ੍ਹਾਂ ਮੈਂ 11 ਮਾਰਚ 1997 ਨੂੰ ਐੱਮ ਐੱਲ ਏ ਚੁਣਿਆ ਗਿਆ।

ਸਵਾਲ: ਕੀ ਤੁਸੀਂ ਮੈਨੂੰ ਆਪਣੀ ਇਲੈਕਸ਼ਨ ਮੁਹਿੰਮ ਬਾਰੇ ਵਿਸਥਾਰ ਵਿੱਚ ਦੱਸ ਸਕਦੇ ਹੋ? ਤੁਹਾਡੇ ਸਾਹਮਣੇ ਕਿਸ ਕਿਸਮ ਦੀਆਂ ਚੁਣੌਤੀਆਂ ਸਨ? ਤੁਸੀਂ ਕੀ ਕੀਤਾ ਅਤੇ ਤੁਹਾਡੇ ਸਾਹਮਣੇ ਕਿਸ ਕਿਸਮ ਦੇ ਮਸਲੇ ਸਨ?

ਜਵਾਬ: ਮੇਰੇ ਖਿਆਲ ਵਿੱਚ ਇੱਥੇ ਵੀ ਉਹ ਹੀ ਮਸਲੇ ਸਨ ਜੋ ਸਸਕੈਚਵਨ ਜਾਂ ਉਨਟੇਰੀਓ ਵਿੱਚ ਸਨ, ਉਨ੍ਹਾਂ ਵਿੱਚ ਕੋਈ ਫਰਕ ਨਹੀਂ ਸੀ। ਜਿਵੇਂ: ਸਿਹਤ ਸੰਭਾਲ, ਵਿਦਿਆ, ਵੱਧ ਰਹੀ ਗਰੀਬੀ, ਬੇਰੁਜ਼ਗਾਰੀ, ਮਜ਼ਦੂਰ ਮੰਡੀ ਵਿਚਲੀ ਅਨਿਸ਼ਚਤਤਾ, ਖਾਸ ਕਰਕੇ ਨੌਜਵਾਨਾਂ ਲਈ। ਇਸ ਤਰ੍ਹਾਂ ਇਸ ਇਲਾਕੇ ਵਿੱਚ ਇਹ ਮੁੱਖ ਮਸਲੇ ਸਨ। ਇਕ ਹੋਰ ਮਸਲਾ ਬਜ਼ੁਰਗਾਂ ਦਾ ਸੀ। ਸਰਕਾਰ ਦੀ ਦਿਆਨਤਦਾਰੀ। ਟੋਰੀਆਂ ਦੇ ਇਕ ਸਾਬਕਾ ਖੋਜੀ (ਰਿਸਰਚਰ) ਨੇ ਇਕ ਛੋਟੀ ਜਿਹੀ ਕਿਤਾਬ ਲਿਖੀ ਸੀ, ਜੋ ਟੋਰੀ ਸਰਕਾਰ ਦੇ ਕੰਮ ਕਰਨ ਦੇ ਢੰਗਾਂ ਨੂੰ ਨੰਗਾ ਕਰਦੀ ਸੀ। ਇਸ ਲਈ ਸਰਕਾਰ ਦੀ ਦਿਆਨਤਦਾਰੀ ਉੱਤੇ ਸਵਾਲ ਖੜ੍ਹੇ ਹੋ ਗਏ ਸਨ। ਇਹ ਸਨ ਮੁਢਲੇ ਮਸਲੇ, ਮੁੱਖ ਮਸਲੇ।

ਚੋਣ ਮੁਹਿੰਮ ਦੌਰਾਨ ਸਾਨੂੰ ਸਾਡੇ ਮੈਂਬਰਾਂ ਤੋਂ ਕਾਫੀ ਭਰਵਾਂ ਹੁੰਗਾਰਾ ਮਿਲਿਆ, ਉਨ੍ਹਾਂ ਮੈਂਬਰਾਂ ਤੋਂ ਵੀ ਜਿਹੜੇ ਪਹਿਲਾਂ ਇਕ ਪਾਸੇ ਹੋ ਗਏ ਸਨ। ਲੋਕ ਸਰਗਰਮ ਨਹੀਂ ਰਹੇ ਸਨ। ਸੰਨ 1993 ਵਿੱਚ ਸਾਡੀ ਜੋ ਬੁਰੀ ਹਾਲਤ ਹੋਈ ਸੀ, ਲੋਕ ਉਸ ਤੋਂ ਨਿਰਉਤਸ਼ਾਹਤ ਹੋ ਗਏ ਸਨ। ਕਿਉਂਕਿ ਸੰਨ 1984 ਤੋਂ ਲੈ ਕੇ 1993 ਤੱਕ ਐੱਨ ਡੀ ਪੀ ਇਸ ਸੂਬੇ ਵਿੱਚ ਵਿਰੋਧੀ ਧਿਰ ਹੁੰਦੀ ਸੀ ਅਤੇ ਸੰਨ 1993 ਵਿੱਚ ਸਾਡੀਆਂ 16 ਸੀਟਾਂ ਸਨ ਅਤੇ ਅਸੀਂ 1993 ਵਿੱਚ ਸਾਰੀਆਂ ਸੀਟਾਂ ਹਾਰ ਗਏ ਸਾਂ। ਇਸ ਤਰ੍ਹਾਂ ਇਹ ਸਾਡੀ ਪੂਰੀ ਤਬਾਹੀ ਸੀ। ਇਸ ਤਰ੍ਹਾਂ ਐੱਨ ਡੀ ਪੀ ਦੇ ਸਮਰਥਕ ਲਿਬਰਲ ਵੱਲ ਹੋ ਗਏ ਸਨ, ਇਸ ਆਸ ਨਾਲ ਕਿ ਡਿਕੋਰ ਕਲਾਇਨ ਨੂੰ ਹਰਾ ਦੇਵੇਗਾ। ਪਰ ਉਹ ਹਰਾ ਨਹੀਂ ਸਕਿਆ।

ਇਸ ਲਈ ਉਨ੍ਹਾਂ ਵਿੱਚੋਂ ਬਹੁਤ ਸਾਰੇ ਲੋਕ ਮੇਰੇ ਹਲਕੇ ਵਿੱਚ ਕੰਮ ਕਰਨ ਆ ਗਏ। ਮੈਂ ਬਹੁਤ ਵੱਡੀ ਗਿਣਤੀ ਵਿੱਚ ਲੋਕਾਂ ਦੇ ਘਰ ਘਰ ਜਾ ਕੇ ਮਿਲਿਆ। ਹਰ ਰੋਜ਼ 10-12 ਘੰਟੇ ਲੋਕਾਂ ਦੇ ਘਰ ਘਰ ਜਾ ਕੇ ਮਿਲਿਆ, ਯੂਨੀਵਰਸਿਟੀ ਦੇ ਮੰਚਾਂ 'ਤੇ ਗਿਆ ਅਤੇ ਟਾਊਨ ਹਾਲ ਮੀਟਿੰਗਾਂ ਵਿੱਚ ਗਿਆ। ਮੈਨੂੰ ਬਹੁਤ ਵਧੀਆ ਹੁੰਗਾਰਾ ਮਿਲਿਆ ਅਤੇ ਲੋਕਾਂ ਦੇ ਘਰ ਘਰ ਜਾਣਾ ਬਹੁਤ ਵਧੀਆ ਤਜਰਬਾ ਸੀ। ਘਰਾਂ ਵਿੱਚੋਂ ਲੋਕਾਂ ਵੱਲੋਂ ਵਧੀਆ ਸਵਾਗਤ ਹੁੰਦਾ ਸੀ, ਇੱਥੋਂ ਤੱਕ ਕਿ ਵਿਰੋਧੀਆਂ ਵੱਲੋਂ ਵੀ। ਲੋਕ ਮੈਨੂੰ ਕਹਿੰਦੇ, "ਮੈਂ ਟੋਰੀ ਹਾਂ। ਪਰ ਜੋ ਕੁੱਝ ਤੂੰ ਕਹਿ ਰਿਹਾ ਹਾਂ, ਉਹ ਮੈਨੂੰ ਚੰਗਾ ਲੱਗ ਰਿਹਾ ਹੈ। ਅਸੀਂ ਇਸ ਬਾਰੇ ਸੋਚਾਂਗੇ।" ਪਰ ਇਹ ਇਲੈਕਸ਼ਨ ਬੜੀ ਫਸਵੀਂ ਸੀ। ਮੈਂ ਸਿਰਫ 58 ਵੋਟਾਂ ਦੇ ਫਰਕ 'ਤੇ ਜਿੱਤਿਆ। ਪਹਿਲੀ ਗਿਣਤੀ ਵਿੱਚ ਮੇਰੇ ਅਤੇ ਮੇਰੇ ਲਿਬਰਲ ਵਿਰੋਧੀ ਵਿੱਚ 37 ਵੋਟਾਂ ਦਾ ਫਰਕ ਸੀ। ਲਿਬਰਲਾਂ ਨੇ ਦੂਜੀ ਵਾਰ ਗਿਣਤੀ ਕਰਾਉਣ ਦੀ ਮੰਗ ਕੀਤੀ। ਦੂਜੀ ਵਾਰ ਗਿਣਤੀ ਕਰਨ 'ਤੇ ਮੈਂ 58 ਵੋਟਾਂ ਨਾਲ ਅੱਗੇ ਹੋ ਗਿਆ। ਇਸ ਤਰ੍ਹਾਂ ਇਹ ਬਹੁਤ ਹੀ ਫਸਵੀਂ ਟੱਕਰ ਸੀ। ਤਿੰਨ ਉਮੀਦਵਾਰ ਸਨ। ਟੋਰੀ ਤੀਜੇ ਨੰਬਰ 'ਤੇ ਆਏ ਸਨ, ਅਤੇ ਟੋਰੀਆਂ ਦਾ ਉਮੀਦਵਾਰ ਮੇਰੇ ਕੋਲੋਂ 110-115 ਵੋਟਾਂ ਹੀ ਪਿੱਛੇ ਸੀ। ਮੈਨੂੰ 4500 ਵੋਟਾਂ ਪਈਆਂ। ਲਿਬਰਲਾਂ ਨੂੰ 4400 ਤੋਂ ਉੱਪਰ ਵੋਟਾਂ ਪਈਆਂ ਅਤੇ ਟੋਰੀਆਂ ਨੂੰ 4300 ਤੋਂ ਕੁੱਝ ਵੱਧ। ਇਸ ਤਰ੍ਹਾਂ ਇਹ ਬਹੁਤ ਹੀ ਬਰਾਬਰ ਦਾ ਮੁਕਾਬਲਾ ਸੀ।

ਸਵਾਲ: ਤੁਹਾਡੀ ਇਲੈਕਸ਼ਨ ਵਿੱਚ ਇੰਡੋ-ਕੈਨੇਡੀਅਨ ਕਮਿਊਨਿਟੀ ਨੇ ਕਿਸ ਤਰ੍ਹਾਂ ਦਾ ਰੋਲ ਨਿਭਾਇਆ?

ਜਵਾਬ: ਖੱਬੇ ਪੱਖੀ ਲੋਕਾਂ, ਖੁਸ਼ਕਿਸਮਤੀ ਨਾਲ ਜਿਹੜੇ ਮਿੱਲ ਵੁੱਡਜ਼ ਵਿੱਚ ਕਾਫੀ ਸਾਰੇ ਹਨ। ਅਸੀਂ ਚੰਗੇ ਦੋਸਤ ਸਾਂ, ਅਤੇ ਕਮਿਊਨਿਟੀ ਵਿੱਚ ਇੰਡੋ-ਕੈਨੇਡੀਅਨ ਕਮਿਊਨਿਟੀ ਨਾਲ ਸੰਬੰਧਤ ਕਈ ਤਰ੍ਹਾਂ ਦੇ ਮਸਲਿਆਂ ਬਾਰੇ ਰਲ ਕੇ ਕੰਮ ਕਰਦੇ ਰਹੇ ਸਾਂ। ਉਨ੍ਹਾਂ ਨੇ ਆ ਕੇ ਕਾਫੀ ਮਦਦ ਕੀਤੀ। ਉਨ੍ਹਾਂ ਨੇ ਸਾਡੇ ਲਈ ਬਹੁਤ ਸਾਰੇ ਪੈਸੇ ਇਕੱਠੇ ਕੀਤੇ। ਪਰ ਇਸ ਤੋਂ ਵੀ ਜ਼ਿਆਦਾ ਘਰ ਘਰ ਜਾ ਕੇ ਲੋਕਾਂ ਨਾਲ ਮਿਲਣ ਵਿੱਚ ਬਹੁਤ ਜ਼ਿਆਦਾ ਯੋਗਦਾਨ ਪਾਇਆ। ਉਹਨਾਂ ਨੇ ਹਰ ਪਾਸੇ ਜਾ ਕੇ ਲੀਫਲੈੱਟ ਵੰਡੇ। ਉਨ੍ਹਾਂ ਨੇ ਬਹੁਤ ਹੀ ਮਹੱਤਵਪੂਰਨ ਭੂਮਿਕਾ ਨਿਭਾਈ। ਮੇਰਾ ਮਤਲਬ ਹੈ ਕਿ ਮੇਰੇ ਹਲਕੇ ਵਿੱਚੋਂ ਕਾਫੀ ਸਾਰੇ ਵਾਲੰਟੀਅਰ ਸਨ। ਅਤੇ ਮੇਰੇ ਹਲਕੇ ਵਿੱਚ ਬਹੁਤ ਘੱਟ ਇੰਡੋ-ਕੈਨੇਡੀਅਨ ਲੋਕ ਰਹਿੰਦੇ ਸਨ। ਸ਼ਾਇਦ ਮੇਰੇ ਹਲਕੇ ਵਿੱਚ ਉਸ ਸਮੇਂ ਇੰਡੋ-ਕੈਨੇਡੀਅਨ ਲੋਕਾਂ ਦੀਆਂ 30 ਕੁ ਵੋਟਾਂ ਹੀ ਸਨ।

ਸਵਾਲ: ਸੋ ਤੁਸੀਂ ਇਲੈਕਸ਼ਨ ਜਿੱਤ ਲਈ। ਜਿੱਤਣ ਤੋਂ ਬਾਅਦ ਤੁਸੀਂ ਕਿਸ ਤਰ੍ਹਾਂ ਮਹਿਸੂਸ ਕੀਤਾ?

ਜਵਾਬ: ਸੁੱਖ ਦਾ ਸਾਹ ਲਿਆ ਅਤੇ ਖੁਸ਼ ਮਹਿਸੂਸ ਕੀਤਾ। ਮੇਰੀ ਇਲੈਕਸ਼ਨ ਮੁਹਿੰਮ ਚਲਾਉਣ ਵਾਲੀ ਭਾਵ ਮੇਰੀ ਇਲੈਕਸ਼ਨ ਕਮੇਟੀ ਕਾਫੀ ਨਾਂਹ-ਪੱਖੀ ਸੋਚਦੀ ਸੀ। ਉਹ ਨਹੀਂ ਸਮਝਦੇ ਸੀ ਕਿ ਮੈਂ ਇਲੈਕਸ਼ਨ ਜਿੱਤ ਸਕਾਂਗਾ। ਮੈਂ ਵੱਖਰੀ ਤਰ੍ਹਾਂ ਸੋਚਦਾ ਸੀ। ਮੈਨੂੰ ਲੱਗਦਾ ਸੀ ਕਿ ਮੇਰੇ ਕੋਲ ਜਿੱਤਣ ਦਾ ਮੌਕਾ ਸੀ। ਜਦੋਂ ਮੈਂ ਲੋਕਾਂ ਨੂੰ ਘਰ ਘਰ ਜਾ ਕੇ ਮਿਲਿਆ ਤਾਂ ਮੈਨੂੰ ਲੱਗਾ ਕਿ ਮੈਂ ਜਿੱਤ ਸਕਦਾ ਸੀ, ਮੈਂ ਜਿੱਤ ਜਾਵਾਂਗਾ। ਲੋਕਾਂ ਦਾ ਹੁੰਗਾਰਾ ਬਹੁਤ ਹੀ ਵਧੀਆ ਸੀ। ਜਦੋਂ ਹੀ ਮੈਂ ਲੋਕਾਂ ਨੂੰ ਦਸਦਾ ਕਿ ਮੈਂ ਯੂਨੀਵਰਸਿਟੀ ਵਿੱਚ 29 ਸਾਲ ਪੜ੍ਹਾਇਆ ਸੀ, ਮੈਂ ਇਕ ਪ੍ਰੋਫੈਸਰ ਸੀ ਤਾਂ ਲੋਕ ਮੇਰੇ ਰੰਗ ਬਾਰੇ ਭੁੱਲ ਜਾਂਦੇ। ਲੋਕ ਇਕ ਦਮ ਆਪਣਾ ਮਨ ਬਦਲ ਲੈਂਦੇ। ਇਸ ਗੱਲ ਦਾ ਬਹੁਤ ਹੀ ਜ਼ਿਆਦਾ ਪ੍ਰਭਾਵ ਪੈਂਦਾ ਸੀ। ਅਸੀਂ ਤਿੰਨੇ ਹੀ ਯੂਨੀਵਰਸਿਟੀ ਵਿੱਚ ਅਧਿਆਪਕ ਰਹੇ ਸੀ। ਲਿਬਰਲ ਉਮੀਦਵਾਰ ਨੇ ਪੀ ਐੱਚ ਡੀ ਕੀਤੀ ਹੋਈ ਸੀ। ਟੋਰੀ ਉਮੀਦਵਾਰ ਨੇ ਪੀ ਐੱਚ ਡੀ ਨਹੀਂ ਕੀਤੀ ਹੋਈ ਸੀ, ਪਰ ਉਸ ਨੇ ਐੱਮ ਏ ਕੀਤੀ ਹੋਈ ਸੀ ਅਤੇ ਯੂਨੀਵਰਸਿਟੀ ਵਿੱਚ ਲੈਕਚਰਾਰ ਸੀ। ਅਸੀਂ ਤਿੰਨੇ ਯੂਨੀਵਰਸਿਟੀ ਨਾਲ ਸੰਬੰਧਤ ਸਾਂ, ਪਰ ਮੈਂ ਇਕੱਲਾ ਹੀ ਏਨੀ ਜ਼ਿਆਦਾ ਗਿਣਤੀ ਵਿੱਚ ਲੋਕਾਂ ਨੂੰ ਘਰ ਘਰ ਜਾ ਕੇ ਮਿਲਿਆ ਸੀ ਅਤੇ ਇਸ ਨਾਲ ਮੈਨੂੰ ਬਹੁਤ ਜ਼ਿਆਦਾ ਫਾਇਦਾ ਹੋਇਆ ਸੀ।

ਇਲੈਕਸ਼ਨ ਦੇ ਨਤੀਜੇ ਰਾਤ ਨੂੰ ਕਾਫੀ ਲੇਟ ਆਏ। ਇਹ ਨੈਸ਼ਨਲ ਖਬਰ ਬਣ ਗਈ ਕਿਉਂਕਿ ਇਹ ਇਕ ਅਜਿਹਾ ਮੁਕਾਬਲਾ ਸੀ, ਜਿਸ ਵਿੱਚ ਇਕ ਪਲ ਇਕ ਧਿਰ ਜਿੱਤਦੀ ਨਜ਼ਰ ਆਉਂਦੀ ਅਤੇ ਦੂਜੇ ਪਲ ਦੂਸਰੀ ਧਿਰ। ਇਸ ਕਰਕੇ ਬਹੁਤ ਸਾਰੀ ਉਡੀਕ ਕਰਨੀ ਪਈ, ਅਤੇ ਇਹ ਸ਼ਾਮ ਬਹੁਤ ਹੀ ਬੇਚੈਨੀ ਅਤੇ ਜੋਸ਼ ਵਾਲੀ ਸੀ। ਜਦੋਂ ਮੈਂ ਜਿੱਤ ਗਿਆ ਤਾਂ ਇਹ ਬੇਸ਼ੱਕ ਸੁੱਖ ਦਾ ਸਾਹ ਆਉਣ ਵਾਲੀ ਗੱਲ ਸੀ, ਅਤੇ ਮੇਰੀ ਜਿੱਤ ਨੂੰ ਚੰਗਾ ਹੁੰਗਾਰਾ ਮਿਲਿਆ। ਯੂਨੀਵਰਸਿਟੀ ਦੇ ਕੈਂਪਸ ਤੋਂ ਕਾਫੀ ਸਮਰਥਨ ਮਿਲਿਆ। ਲੋਕ ਹੁਣ ਤੱਕ ਮੈਨੂੰ ਕਹਿੰਦੇ ਹਨ,"ਅਸੀਂ ਤੁਹਾਡੀ ਜਿੱਤ ਤੋਂ ਖੁਸ਼ ਹਾਂ।" ਮੈਂ ਜਦੋਂ ਯੂਨੀਵਰਸਿਟੀ ਤੋਂ ਕਿਸੇ ਨੂੰ ਮਿਲਦਾ ਹਾਂ ਤਾਂ, ਉਹ ਇਹ ਹੀ ਕਹਿੰਦਾ ਹੈ।

ਸਵਾਲ: ਕੀ ਤੁਹਾਡੇ ਮਨ ਵਿੱਚ ਆਪਣੇ ਜਿੱਤਣ ਬਾਰੇ ਕਦੇ ਕੋਈ ਸ਼ੱਕ ਸੀ - ਕਿਉਂਕਿ ਜਦੋਂ ਵੀ ਤੁਸੀਂ ਚੋਣ-ਮੁਹਿੰਮ ਵਿੱਚ ਹਿੱਸਾ ਲੈਂਦੇ ਹੋ, ਤਾਂ ਤੁਹਾਡੇ ਮਨ ਵਿੱਚ ਹਮੇਸ਼ਾਂ ਹੀ ਕਈ ਸ਼ੱਕ ਹੁੰਦੇ ਹਨ, ਪਰ ਤੁਹਾਡੇ ਮਨ ਵਿੱਚ ਇਸ ਕਰਕੇ ਕੋਈ ਸ਼ੱਕ ਸੀ ਕਿ ਤੁਸੀਂ ਘੱਟਗਿਣਤੀ ਭਾਈਚਾਰੇ ਨਾਲ ਸੰਬੰਧਤ ਹੋ ਅਤੇ ਇਸ ਕਰਕੇ ਤੁਸੀਂ ਨਹੀਂ ਜਿੱਤੋਗੇ?

ਜਵਾਬ: ਹਾਂ, ਹਾਂ। ਅਸੀਂ ਇਸ ਬਾਰੇ ਗੱਲ ਕੀਤੀ ਸੀ। ਇਹ ਸ਼ੱਕ ਦਾ ਸਵਾਲ ਨਹੀਂ ਸੀ। ਇਹ ਇਕ ਸੱਚਾ ਫਿਕਰ ਸੀ ਕਿਉਂਕਿ ਦਿੱਖ ਅਤੇ ਪਛਾਣ ਸੱਚਮੁੱਚ ਅਸਰ ਪਾਉਂਦੀਆਂ ਹਨ। ਜਿਹੜੀ ਗੱਲ ਦਾ ਮੈਨੂੰ ਪਤਾ ਲੱਗਾ, ਉਹ ਇਹ ਸੀ ਕਿ ਮੇਰੀ ਪਛਾਣ ਕਰਕੇ ਜਿਹੜੀਆਂ ਨਾਂਹ-ਪੱਖੀ ਮੁਸ਼ਕਿਲਾਂ ਸਨ, ਮੈਂ ਆਪਣੀ ਅਕਾਦਮਿਕ ਯੋਗਤਾ ਦੇ ਸਹਾਰੇ ਉਨ੍ਹਾਂ ਤੋਂ ਪਾਰ ਜਾ ਸਕਦਾ ਸੀ। ਮੇਰੀ ਅਕਾਦਮਿਕ ਯੋਗਤਾ ਨੇ, ਉਨ੍ਹਾਂ ਨੂੰ ਬਰਾਬਰ ਕਰ ਦਿੱਤਾ ਸੀ।

(ਰਾਜ ਪੰਨੂੰ ਦੀ ਪਤਨੀ ਸੁਰਿੰਦਰ ਕਹਿੰਦੀ ਹੈ)

*ਜਦੋਂ ਉਹ ਇਹ ਫੈਸਲਾ ਕਰ ਰਹੇ ਸੀ ਕਿ ਇਲੈਕਸ਼ਨ ਦੌਰਾਨ ਇਨ੍ਹਾਂ ਦਾ ਨਾਂ ਕਿਵੇਂ ਲਿਖਣਾ ਹੈ, ਇੱਥੋਂ ਤੱਕ ਕਿ ਨਾਮਜ਼ਦਗੀ ਦੀ ਚੋਣ ਦੌਰਾਨ ਵੀ, ਤਾਂ ਇਹ ਫੈਸਲਾ ਕੀਤਾ ਗਿਆ ਕਿ ਇਨ੍ਹਾਂ ਦੇ ਨਾਂ ਤੋਂ ਪਹਿਲਾਂ ਡਾ: ਲਿਖਣਾ ਚਾਹੀਦਾ ਹੈ, ਅਤੇ ਮੈਂ ਇਸ ਦੇ ਵਿਰੁੱਧ ਸਾਂ।*

(ਰਾਜ ਪੰਨੂ ਆਪਣੀ ਗੱਲ ਜਾਰੀ ਰੱਖਦੇ ਹਨ।)

ਤੁਹਾਨੂੰ ਪਤਾ ਹੀ ਹੈ, ਜਦੋਂ ਤੁਸੀਂ ਇਕ ਅਕਾਦਮਿਕ ਹੋ, ਤਾਂ ਬਾਕੀ ਸਾਰੇ ਵੀ ਅਕਾਦਮਿਕ ਹਨ। ਪੀ ਐੱਚ ਡੀਆਂ ਵਾਲੇ 2500 ਹੋਰ ਲੋਕ ਹਨ, ਜਿਨ੍ਹਾਂ ਨਾਲ ਮੈਂ ਕੰਮ ਕੀਤਾ ਹੈ। ਮੇਰੇ ਕੋਲ 30 ਵਿਦਿਆਰਥੀ ਪੀ ਐੱਚ ਡੀਆਂ ਕਰਕੇ ਗਏ ਹਨ ਅਤੇ ਉਹ ਦੁਨੀਆ ਦੇ ਵੱਖ ਵੱਖ ਹਿੱਸਿਆਂ ਵਿੱਚ ਪੜ੍ਹਾ ਰਹੇ ਹਨ। ਇਸ ਲਈ ਤੁਸੀਂ ਆਪਣੀ ਪੀ ਐੱਚ ਡੀ ਦਾ ਵਿਖਾਲਾ ਨਹੀਂ ਕਰਦੇ ਫਿਰਦੇ। ਹਰ ਕਿਸੇ ਕੋਲ ਪੀ ਐੱਚ ਡੀ ਹੈ, ਫਿਰ ਕੀ ਹੋਇਆ?

(ਸੁਰਿੰਦਰ)

*ਪਰ ਉਸ ਨੇ (ਇੱਥੇ ਇਹ ਨਹੀਂ ਪਤਾ ਉਸ ਤੋਂ ਸੁਰਿੰਦਰ ਦਾ ਕੀ ਭਾਵ ਹੈ। ਸ਼ਾਇਦ ਉਹ ਕੈਂਪੇਨ ਮੈਨੇਜਰ ਬਾਰੇ ਗੱਲ ਕਹਿ ਰਹੀ ਹੈ-ਮੁਲਾਕਾਤੀ) ਸਿੱਧਾ ਹੀ ਕਿਹਾ "ਨਹੀਂ, ਇਨ੍ਹਾਂ ਦੀ ਸਭਿਆਚਾਰਕ ਪਛਾਣ ਕਰਕੇ ਇੱਥੇ ਡਾਕਟਰ ਲਿਖਣਾ ਬਹੁਤ ਜ਼ਰੂਰੀ ਹੈ"*

(ਰਾਜ ਪੰਨੂ)

ਉਸ ਨੇ *(ਇੱਥੇ ਇਹ ਨਹੀਂ ਪਤਾ ਉਸ ਤੋਂ ਰਾਜ ਪੰਨੂ ਦਾ ਕੀ ਭਾਵ ਹੈ। ਸ਼ਾਇਦ ਉਹ ਕੈਂਪੇਨ ਮੈਨੇਜਰ ਬਾਰੇ ਗੱਲ ਕਰ ਰਿਹਾ ਹੈ-ਮੁਲਾਕਾਤੀ* ) ਕਿਹਾ, "ਇਹ ਮੁਕਾਬਲਤਨ ਚੰਗਾ ਪੜ੍ਹਿਆ ਲਿਖਿਆ ਸਮਾਜ ਹੈ।"

(ਸੁਰਿੰਦਰ)

*ਜਦੋਂ ਲੋਕਾਂ ਨੂੰ ਪਤਾ ਲੱਗਾ ਕਿ ਇਹ ਇਕ ਡਾਕਟਰ ਹਨ, ਤਾਂ ਉਹ ਇਸ ਦੇ ਸਭਿਆਚਾਰਕ ਪਿਛੋਕੜ ਵੱਲ ਧਿਆਨ ਨਹੀਂ ਦੇਣਗੇ। ਇਸ ਲਈ ਇਸ ਨੂੰ ਕਿਉਂ ਨਾ ਵਰਤੀਏ? ਹੋਰ ਲੋਕ ਵੀ ਇਸ ਤਰ੍ਹਾਂ ਸੋਚਦੇ ਸਨ।*

(ਰਾਜ ਪੰਨੂ)

ਇਸ ਤਰ੍ਹਾਂ ਨਸਲੀ ਵੱਖਰੇਵੇਂ ਦਾ ਮਾਮਲਾ ਸੀ। ਇਸ ਲਈ ਅਸੀਂ ਮੇਰੀਆਂ ਪੇਸ਼ਾਵਰ ਪ੍ਰਾਪਤੀਆਂ ਅਤੇ ਅਕਾਦਮਿਕ ਯੋਗਤਾਵਾਂ ਨੂੰ ਵਰਤਣ ਦਾ ਫੈਸਲਾ ਕੀਤਾ। ਇਸ ਨਾਲ ਸੱਚਮੁੱਚ ਹੀ ਕਾਫੀ ਮਦਦ ਮਿਲੀ ਅਤੇ ਅਜੇ ਵੀ ਇਸ ਤੋਂ ਫਾਇਦਾ ਹੁੰਦਾ ਹੈ। ਜੇ ਤੁਸੀਂ ਇਕ ਲੰਮੇ ਸਮੇਂ ਲਈ ਅਕਾਦਮਿਕ ਖੇਤਰ ਵਿੱਚ ਕਾਮਯਾਬ ਰਹੇ ਹੋਵੋ ਤਾ ਇਸ ਦੀ ਇਕ ਖਾਸ ਤਰ੍ਹਾਂ ਦੀ ਕੀਮਤ ਹੁੰਦੀ ਹੈ। ਲੋਕ ਤੁਹਾਡੇ ਵੱਲ ਦੇਖਣਾ ਸ਼ੁਰੂ ਕਰ ਦਿੰਦੇ ਹਨ, ਇਸ ਲਈ ਇਸ ਦੇ ਕੁੱਝ ਫਾਇਦੇ ਹਨ। ਇਸ ਤਰ੍ਹਾਂ ਮੇਰੀ ਪਛਾਣ ਇਕ ਮੁੱਦਾ ਸੀ। ਅਸੀਂ ਸੋਚਿਆ ਸੀ ਕਿ ਸ਼ਾਇਦ ਇਹ ਨਾਂਹ-ਪੱਖੀ ਢੰਗ ਨਾਲ ਅਸਰ ਕਰੇ, ਪਰ ਇਸ ਤਰ੍ਹਾਂ ਨਹੀਂ ਹੋਇਆ।

ਸਵਾਲ: ਇੰਡੋ-ਕੈਨੇਡੀਅਨ ਕਮਿਊਨਿਟੀ ਦਾ ਤੁਹਾਡੀ ਜਿੱਤ ਬਾਰੇ ਕੀ ਪ੍ਰਤੀਕਰਮ ਸੀ?

ਜਵਾਬ: ਬਹੁਤ ਵਧੀਆ। ਇੰਡੋ-ਕੈਨੇਡੀਅਨ ਕਮਿਊਨਿਟੀ ਦੇ ਲੋਕ ਟੋਰੀਆਂ ਦੇ ਹਿਮਾਇਤੀ ਹਨ, ਲਿਬਰਲਾਂ ਦੇ ਹਿਮਾਇਤੀ ਹਨ, ਖਾਲਿਸਤਾਨੀਆਂ ਦੇ ਸਮਰਥਕ ਹਨ। ਇਹ ਸਭ ਕੁੱਝ ਹੈ। ਸਾਰੇ ਜਣੇ ਬਹੁਤ ਖੁਸ਼ ਸਨ ਕਿ ਮੈਂ ਜਿੱਤ ਗਿਆ ਸੀ। ਖਾਲਿਸਤਾਨੀ ਮੈਨੂੰ ਪਸੰਦ ਨਹੀਂ ਸੀ ਕਰਦੇ ਕਿਉਂਕਿ ਮੈਂ 1980ਵਿਆਂ ਵਿੱਚ ਉਸ ਸਭ ਕਾਸੇ ਦਾ ਡੱਟ ਕੇ ਵਿਰੋਧ ਕੀਤਾ ਸੀ ਜੋ ਉਹ ਇੱਥੇ ਕਰਦੇ ਸਨ, ਅਤੇ ਇਸ ਲਈ ਉਨ੍ਹਾਂ ਨੇ ਮੈਨੂੰ ਬਦਨਾਮ ਕਰਨ ਲਈ ਹਰ ਚੀਜ਼ ਕੀਤੀ ਸੀ। ਪਰ ਜਦੋਂ ਮੈਂ ਜਿੱਤ ਗਿਆ ਤਾਂ ਉਹ

ਵਿਸਾਖੀ ਦੇ ਆਪਣੇ ਸਭਿਆਚਾਰਕ ਪ੍ਰੋਗਰਾਮਾਂ ਵਿੱਚ ਮੈਨੂੰ ਸੱਦਣ ਲੱਗੇ, ਜਿੱਥੇ ਹਜ਼ਾਰਾਂ ਲੋਕ ਹੁੰਦੇ ਸਨ। ਉਹ ਚਾਹੁੰਦੇ ਸੀ ਕਿ ਮੈਂ ਉੱਥੇ ਆਵਾਂ, ਕੁੱਝ ਸ਼ਬਦ ਕਹਾਂ। ਉਹ ਮੇਰੀ ਸਤਿਕਾਰ ਨਾਲ ਜਾਣ-ਪਛਾਣ ਕਰਾਉਂਦੇ "ਡਾ: ਪੰਨੂ, ਐੱਮ ਐੱਲ ਏ" ਆਦਿ।

ਇੰਡੋ-ਕੈਨੇਡੀਅਨ ਬਿਜ਼ਨਿਸ ਚੈਂਬਰ ਆਫ ਕਾਮਰਸ ਦੇ ਲੋਕਾਂ ਨੇ ਮੈਨੂੰ ਸੱਦਿਆ ਅਤੇ ਮੇਰੇ ਮਾਣ ਵਿੱਚ ਵਿੱਚ ਡਿਨਰ ਕੀਤਾ ਅਤੇ ਪਲੇਕ ਦਿੱਤੀ, ਸ਼ਲਾਘਾ ਦਾ ਸਰਟੀਫਿਕੇਟ ਦਿੱਤਾ।

ਸਵਾਲ: ਕੀ ਇਹ ਹਾਂ-ਪੱਖੀ ਪ੍ਰਤੀਕਰਮ ਸਥਾਨਕ ਪੱਧਰ 'ਤੇ ਹੀ ਸੀ ਜਾਂ ਤੁਹਾਡੇ ਬਾਰੇ ਕੈਨੇਡਾ ਭਰ ਵਿੱਚ ਅਜਿਹਾ ਪ੍ਰਤੀਕਰਮ ਹੋਇਆ।

ਜਵਾਬ: ਮੇਰੇ ਖਿਆਲ ਵਿੱਚ ਕੈਨੇਡਾ ਭਰ ਤੋਂ। ਟਰਾਂਟੋ ਵਿੱਚ ਲੋਕ ਖੁਸ਼ ਸਨ, ਖਾਸ ਕਰਕੇ ਸਾਡੇ ਖੱਬੇ ਪੱਖੀ ਦੋਸਤ। ਕੈਲਗਰੀ ਵਿੱਚ ਵੀ ਲੋਕੀ ਖੁਸ਼ ਸਨ। ਕੰਵਲ ਅਤੇ ਦੂਸਰੇ ਲੋਕ ਇਸ ਬਾਰੇ ਬਹੁਤ ਖੁਸ਼ ਸਨ। ਮੈਨੂੰ ਪਤਾ ਨਹੀਂ ਵੈਨਕੂਵਰ ਵਿੱਚ ਕਿਸ ਤਰ੍ਹਾਂ ਦਾ ਪ੍ਰਤੀਕਰਮ ਹੋਇਆ। ਹਾਂ ਸੱਚ, ਵੈਨਕੂਵਰ ਖਾਲਸਾ ਦੀਵਾਨ ਸੁਸਾਇਟੀ ਨੇ ਜਦੋਂ ਕਮਿਊਨਿਟੀ ਦੀ ਕੈਨੇਡਾ ਵਿੱਚ ਆਉਣ ਦੀ ਸੌਂਵੀਂ ਵਰ੍ਹੇਗੰਢ ਮਨਾਈ ਤਾਂ ਉਨ੍ਹਾਂ ਨੇ ਮੈਨੂੰ ਸੱਦਾ ਭੇਜਿਆ। ਮੈਂ ਕੁੱਝ ਦੋਸਤਾਂ ਨਾਲ ਸਲਾਹ ਕਰਕੇ ਉਹ ਸਵੀਕਾਰ ਕਰ ਲਿਆ। ਇਸ ਤਰ੍ਹਾਂ ਅਚਾਨਕ ਹੀ ਤੁਸੀਂ ਇਕ ਉੱਘੀ ਸ਼ਖਸੀਅਤ ਬਣ ਗਏ, ਭਾਵੇਂ ਤੁਸੀਂ ਚਾਹੁੰਦੇ ਸੀ ਜਾਂ ਨਹੀਂ। ਟਰਾਂਟੋ ਵਿੱਚ ਵੀ ਕਮਿਊਨਿਟੀ ਦੀ ਸੌਵੀਂ ਵਰ੍ਹੇਗੰਢ ਮਨਾਉਣ ਲਈ ਇਕ ਵੱਡਾ ਫੰਕਸ਼ਨ ਹੋਇਆ, ਜਿਸ ਦਾ ਪ੍ਰਬੰਧ ਕੈਨੇਡਾ ਭਰ ਦੇ ਕੁੱਝ ਸਿੱਖਾਂ ਨੇ ਕੀਤਾ ਸੀ, ਉਨ੍ਹਾਂ ਨੇ ਮੈਨੂੰ ਉੱਥੇ ਡਿਨਰ 'ਤੇ ਜਾਣ ਲਈ ਸੱਦਾ ਭੇਜਿਆ। ਮਾਂਟਰੀਅਲ ਦੀ ਕਨਕੌਰਡੀਆ ਯੂਨੀਵਰਸਿਟੀ ਤੋਂ ਮੇਰਾ ਇਕ ਦੋਸਤ ਬਲਬੀਰ ਸਾਹਨੀ, ਇਸ ਫੰਕਸ਼ਨ ਦੇ ਪ੍ਰਬੰਧਕਾਂ ਵਿੱਚੋਂ ਇਕ ਸੀ। ਹੋ ਸਕਦਾ ਹੈ ਮੇਰਾ ਨਾਂ ਉਸ ਨੇ ਦਿੱਤਾ ਹੋਵੇ। ਪਰ ਮੈਂ ਉੱਥੇ ਜਾ ਨਹੀਂ ਸਕਦਾ ਸੀ। ਇਸ ਲਈ ਮੈਨੂੰ ਉਸ ਸੱਦੇ ਲਈ ਨਾਂਹ ਕਰਨੀ ਪਈ।

ਸਵਾਲ: ਕੈਨੇਡਾ ਭਰ ਵਿੱਚ ਇਸ ਤਰ੍ਹਾਂ ਦਾ ਸਤਿਕਾਰ ਕਿਉਂ?

ਜਵਾਬ: ਮੇਰੇ ਕੋਲ ਇਸ ਦਾ ਕੋਈ ਖਾਸ ਜਵਾਬ ਨਹੀਂ ਹੈ, ਪਰ ਮੇਰਾ ਅੰਦਾਜ਼ਾ ਹੈ ਇਕ ਕੁੱਝ ਹੱਦ ਤੱਕ ਸਭਿਆਚਾਰਕ ਮਾਣ ਕਰਕੇ ਵੀ, ਕੁੱਝ ਹੱਦ ਤੱਕ ਕੁੱਝ ਨਵਾਂ ਕਰਨ ਕਰਕੇ ਵੀ ਹੈ। ਭਾਵੇਂ ਕਿ ਅਸੀਂ ਇੱਥੇ 100 ਸਾਲਾਂ ਤੋਂ ਹਾਂ, ਪਰ ਅਸਲੀਅਤ ਵਿੱਚ ਅਸੀਂ ਇੱਥੇ ਵੱਡੀ ਗਿਣਤੀ ਵਿੱਚ 1960ਵਿਆਂ ਤੋਂ ਹੀ ਹਾਂ। ਠੀਕ ਹੈ ਨਾ? ਅਤੇ ਦੂਜੀ ਸੰਸਾਰ ਜੰਗ ਤੋਂ ਬਾਅਦ ਦੀਆਂ ਬਦਲੀਆਂ ਹਾਲਤਾਂ ਕਰਕੇ ਹੀ ਅਸੀਂ ਕੈਨੇਡੀਅਨ ਸਮਾਜ ਵਿੱਚ ਮੁੱਖ ਧਾਰਾ ਦੇ ਅਹੁਦਿਆਂ 'ਤੇ ਦਾਅਵਾ ਕਰਨ ਦੇ ਕਾਬਲ ਹੋਏ ਹਾਂ। ਮੇਰਾ ਅੰਦਾਜ਼ਾ ਹੈ ਕਿ ਸਿਆਸਤ ਵਿੱਚ ਕਾਮਯਾਬ ਹੋਣਾ ਇਕ ਔਖਾ ਕੰਮ ਸਮਝਿਆ ਜਾਂਦਾ ਸੀ। ਜ਼ਰੂਰ ਹੀ ਇਸ ਤਰ੍ਹਾਂ ਦੀ ਸੋਚ ਰਹੀ ਹੋਵੇਗੀ। ਇਸ ਲਈ ਜਦੋਂ ਤੁਸੀਂ ਕਾਮਯਾਬ ਹੋ ਜਾਂਦੇ ਹੋ, ਭਾਵੇਂ ਤੁਸੀਂ ਮੱਲ੍ਹੀ ਹੋਵੋ, ਜਾਂ ਰਾਜ ਪੰਨੂੰ ਜਾ ਸਹੋਤਾ, ਜਦੋਂ ਅਜਿਹਾ ਹੁੰਦਾ ਹੈ ਤਾਂ ਮੇਰਾ ਖਿਆਲ ਹੈ ਲੋਕਾਂ ਨੂੰ ਖੁਸ਼ੀ ਹੁੰਦੀ ਹੈ, ਕੁੱਝ ਤਸੱਲੀ ਹੁੰਦੀ ਹੈ ਕਿ ਅਸੀਂ ਮੁੱਖ ਧਾਰਾ ਦੀਆਂ ਸਭ ਤੋਂ ਔਖੀਆਂ ਸੰਸਥਾਂਵਾਂ ਵਿੱਚ ਦਾਖਲ ਹੋ ਰਹੇ ਹਾਂ।

ਮੇਰਾ ਖਿਆਲ ਹੈ ਕਿ ਕੁੱਝ ਸਭਿਆਚਾਰਕ ਚੇਤਨਾ ਹੈ, ਜਿਸ ਦਾ ਹੋਣਾ ਬਿਲਕੁਲ ਹੀ ਲਾਜ਼ਮੀ ਹੁੰਦਾ ਹੈ। ਜਦੋਂ ਤੁਸੀਂ ਇਕ ਅਜਿਹੇ ਸਮਾਜ ਵਿੱਚ ਰਹਿੰਦੇ ਹੋ, ਜਿਸ ਵਿੱਚ ਤੁਸੀਂ ਇਕ ਨਸਲੀ ਘੱਟਗਿਣਤੀ ਹੋਵੋ, ਤੁਹਾਡਾ ਇਤਿਹਾਸਕ ਤਜਰਬਾ ਵਿਤਕਰਾ ਕੀਤੇ ਜਾਣ ਵਾਲਾ ਹੋਵੇ, ਇਸ ਲਈ ਕਮਿਊਨਿਟੀ ਅੰਦਰ, ਅੰਦਰੂਨੀ ਵਿਰੋਧਤਾਈਆਂ ਅਤੇ ਵੱਖਰੇਵਿਆਂ ਦੇ ਬਾਵਜੂਦ, ਸਮੁੱਚੇ ਤੌਰ 'ਤੇ ਵੱਖਰੇ ਹੋਣ ਦੀ ਸੋਝੀ ਹੁੰਦੀ ਹੈ। ਮੇਰਾ ਖਿਆਲ ਹੈ ਕਿ ਇਸ ਸਭਿਆਚਾਰਕ ਸੋਝੀ ਕਾਰਨ ਲੋਕ, ਜਦੋਂ ਉਨ੍ਹਾਂ ਦਾ ਕੋਈ ਆਪਣਾ ਜਿੱਤਦਾ ਹੈ, ਤਾਂ ਇਸ ਗੱਲ ਦਾ ਜਸ਼ਨ ਮਨਾਉਂਦੇ ਹਨ, ਭਾਵੇਂ ਕਿ ਥੋੜ੍ਹੇ ਸਮੇਂ ਲਈ ਹੀ।

ਸਵਾਲ: ਹੁਣ ਤੁਸੀਂ ਇਕ ਐੱਮ ਐੱਲ ਏ ਦਾ ਕੰਮ ਕਰ ਰਹੇ ਹੋ। ਆਪਣੇ ਕੰਮ ਬਾਰੇ ਦੱਸੋ ਕਿ ਤੁਸੀਂ ਕੀ ਕਰਦੇ ਹੋ?

ਜਵਾਬ: ਇਸ ਕੰਮ ਦੇ ਕਈ ਪੱਖ ਹਨ। ਸਭ ਤੋਂ ਪਹਿਲਾਂ ਤਾਂ ਮੇਰੇ ਕੋਲੋਂ ਆਪਣੇ ਹਲਕੇ ਦੇ ਲੋਕਾਂ ਦੀ ਨੁਮਾਇੰਦਗੀ ਕਰਨ ਦੀ ਮੰਗ ਕੀਤੀ ਜਾਂਦੀ ਹੈ। ਇਹ ਮੇਰੀ ਪਹਿਲੀ ਜ਼ਿੰਮੇਵਾਰੀ ਹੈ, ਜਿਹੜੀ ਕਿ ਮੈਂ ਅਸਰਦਾਰ ਢੰਗ ਨਾਲ ਕਰਨ ਦੀ ਕੋਸ਼ਿਸ਼ ਕਰਦਾ ਹਾਂ। ਹਲਕੇ ਦੇ ਲੋਕਾਂ ਦੀ ਨੁਮਾਇੰਦਗੀ ਦਾ ਮਤਲਬ ਹੈ ਕਿ ਮੈਂ ਲੈਜਿਸਲੇਚਰ ਵਿੱਚ ਉਨ੍ਹਾਂ ਦੀ ਨੁਮਾਇੰਦਗੀ ਕਰਾਂ, ਉਨ੍ਹਾਂ ਮੁੱਦਿਆਂ ਬਾਰੇ ਬੋਲਾਂ ਜਿਹੜੇ ਮੇਰੇ ਖਿਆਲ ਵਿੱਚ ਉਹਨਾਂ ਦੇ ਮੁੱਖ ਫਿਕਰ ਹੋਣ। ਦੂਜਾ ਕੰਮ ਇਹ ਹੈ ਕਿ ਮੈਂ ਉਨ੍ਹਾਂ ਦੀ ਅਵਾਜ਼ ਦੀ ਸਾਰੇ ਅਲਬਰਟਾ ਵਿੱਚ ਨੁਮਾਇੰਦਗੀ ਕਰਾਂ। ਇਕ ਤਰ੍ਹਾਂ ਨਾਲ ਮੈਂ ਉਨ੍ਹਾਂ ਦਾ ਬੁਲਾਰਾ ਹਾਂ। ਮੈਂ ਉਨ੍ਹਾਂ ਦੀ ਨੁਮਾਇੰਦਗੀ ਕਰਾਂ। ਅਤੇ ਹਲਕੇ ਵਿੱਚ ਸਰਗਰਮ ਰਹਾਂ। ਮੇਰੇ ਕੋਲੋਂ ਸਕੂਲਾਂ, ਯੂਨੀਵਰਸਿਟੀ ਵਿੱਚ ਜਾਂ ਤਾਂ ਵਿਦਿਆਰਥੀਆਂ ਨਾਲ ਗੱਲ ਕਰਨ ਦੀ ਮੰਗ ਕੀਤੀ ਜਾਂਦੀ ਹੈ ਜਾਂ ਕਨਵੋਕੇਸ਼ਨ ਜਾਂ ਇਸ ਤਰ੍ਹਾਂ ਦੇ ਖਾਸ ਫੰਕਸ਼ਨਾਂ ਵਿੱਚ ਹਾਜ਼ਰ ਹੋਣ ਦੀ ਮੰਗ ਕੀਤੀ ਜਾਂਦੀ ਹੈ। ਮੈਨੂੰ ਉਨ੍ਹਾਂ ਲਈ ਸੱਦੇ ਆਉਂਦੇ ਹਨ। ਕਮਿਊਨਿਟੀ ਲੀਗ ਦੇ ਫੰਕਸ਼ਨਾਂ ਲਈ ਸੱਦੇ ਆਉਂਦੇ ਹਨ। ਮੈਂ ਉੱਥੇ ਜਾਂਦਾ ਹਾਂ। ਕਈ ਤਰ੍ਹਾਂ ਦੇ ਤਿਉਹਾਰ ਹੁੰਦੇ ਹਨ, ਜਿੱਥੇ ਲੋਕ ਚਾਹੁੰਦੇ ਹਨ ਕਿ ਮੈਂ ਜਾਵਾਂ, ਸੋ ਮੈਂ ਇਹ ਸਭ ਕਰਦਾ ਹਾਂ।

ਇਹਦੇ ਨਾਲ ਕਾਕਸ ਦਾ 50 ਫੀਸਦੀ (*ਇਸ ਸਮੇਂ ਅਲਬਰਟਾ ਦੀ ਅਸੰਬਲੀ ਵਿੱਚ ਐਨ ਡੀ ਪੀ ਦੇ ਸਿਰਫ ਦੋ ਮੈਂਬਰ ਸਨ-ਮੁਲਾਕਾਤੀ*) ਹੁੰਦਿਆਂ ਹੋਇਆਂ ਮੈਂ ਬਹੁਤ ਹੀ ਦਿਲਚਸਪ ਸਥਿਤੀ ਵਿੱਚ ਹਾਂ। ਨਿਊ ਡੈਮੋਕਰੈਟਸ ਅਤੇ ਅਲਬਰਟਾ ਵਿੱਚ ਹੋਰ ਖੱਬੇਪੱਖੀ ਲੋਕ ਮੇਰੇ ਵੱਲ ਆਪਣੇ ਇਕ ਬੁਲਾਰੇ ਵੱਜੋਂ ਦੇਖਦੇ ਹਨ, ਜਿਸ ਦਾ ਕੰਮ ਨਿਊ ਡੈਮੋਕਰੈਟਸ ਦਾ ਸੁਨੇਹਾ, ਅਲਬਰਟਾ ਦੇ ਹਰ ਹਿੱਸੇ ਵਿਚਲੇ ਖੱਬੇ ਪੱਖੀ ਲੋਕਾਂ ਦਾ ਸੁਨੇਹਾ ਅਗਾਂਹ ਲੈ ਕੇ ਜਾਣਾ ਹੈ। ਇਹ ਵੀ ਹੁੰਦਾ ਹੈ। ਮੈਂ ਪਾਰਟੀ ਨੂੰ ਹਰ ਹਲਕੇ ਵਿੱਚ ਦੁਬਾਰਾ ਕਾਇਮ ਕਰਨ ਦੇ ਯਤਨਾਂ ਵਿੱਚ ਸ਼ਾਮਲ ਹਾਂ। ਮੈਂ ਕਾਫੀ ਸਫਰ ਕਰਦਾ ਹਾਂ। ਮੈਨੂੰ ਹਲਕੇ ਦੀਆਂ ਸੰਸਥਾਂਵਾਂ ਤੋਂ ਉਨ੍ਹਾਂ ਦੀਆਂ ਮੀਟਿੰਗਾਂ ਵਿੱਚ ਬੋਲਣ ਲਈ ਸੱਦੇ ਆਉਂਦੇ ਹਨ। ਮੈਨੂੰ ਵੱਖ ਵੱਖ ਇਲਾਕਿਆਂ ਦੇ ਗਰੁੱਪਾਂ, ਐਨ ਡੀ ਪੀ ਦੇ ਗਰੁੱਪਾਂ, ਲੈੱਥਬਰਿੱਜ, ਮੈਡੀਸਨ ਹੈਟ, ਕੈਲਗਰੀ ਅਤੇ ਹੋਰ ਥਾਂਵਾਂ ਤੋਂ ਬੋਲਣ ਦੇ ਸੱਦੇ ਆਉਂਦੇ ਹਨ ਅਤੇ ਮੈਂ ਉੱਥੇ ਜਾਂਦਾ ਹਾਂ। ਇਸ ਲਈ ਮੈਂ ਪਾਰਟੀ ਦੀ ਆਪਣੇ ਆਪ ਦੁਬਾਰਾ ਕਾਇਮ ਹੋਣ ਅਤੇ ਦੁਬਾਰਾ ਤੱਕੜੀ ਹੋਣ ਵਿੱਚ ਮਦਦ ਕਰਨ ਦੀ ਕੋਸ਼ਿਸ਼ ਕਰਦਾ ਹਾਂ।

ਪਾਰਟੀ ਦੇ ਅੰਦਰ ਮੈਂ ਪਾਰਟੀ ਨੂੰ ਆਪਣੀ ਸੋਚ ਬਾਰੇ ਦੁਬਾਰਾ ਗੌਰ ਕਰਨ ਲਈ ਪ੍ਰੇਰਤ ਕਰਨ ਲਈ ਯਤਨ ਕਰ ਰਿਹਾ ਹਾਂ। ਇਸ ਗੱਲ ਦੇ ਸਪਸ਼ਟ ਕਾਰਨ ਹਨ, ਕਿ ਪਾਰਟੀ ਦੀ ਪੰਜ ਸਾਲ ਪਹਿਲਾਂ ਏਨੀ ਬੁਰੀ ਤਰ੍ਹਾਂ ਹਾਰ ਕਿਉਂ ਹੋਈ, ਇਸ ਲਈ ਮੈਂ ਪਾਰਟੀ ਨੂੰ ਆਪਣੀਆਂ ਨੀਤੀਆਂ ਬਾਰੇ ਦੁਬਾਰਾ ਗੌਰ ਕਰਨ ਲਈ ਕਹਿ ਰਿਹਾ ਹਾਂ। ਇਸ ਨੂੰ ਕਿਹੜੀਆਂ ਚੀਜ਼ਾਂ ਬਦਲਣੀਆਂ ਚਾਹੀਦੀਆਂ ਹਨ, ਇਸ ਦੀਆਂ ਕੀ ਕਮਜ਼ੋਰੀਆਂ ਹਨ, ਇਸ ਦਾ ਪ੍ਰਚੱਲਤ ਆਧਾਰ ਕਿਹੜਾ ਹੈ, ਇਹਨਾਂ ਗੱਲਾਂ ਬਾਰੇ ਗੌਰ ਕਰਨ ਲਈ ਕਹਿ ਰਿਹਾ ਹਾਂ। ਐਨ ਡੀ ਪੀ ਵਿੱਚ ਐਥਨਿਕ (ਘੱਟ ਗਿਣਤੀ ਭਾਈਚਾਰਿਆਂ ਦੇ) ਲੋਕਾਂ ਦੀ ਗਿਣਤੀ ਘੱਟ ਕਿਉਂ ਹੈ ਜਦੋਂ ਕਿ ਦੂਜੀਆਂ ਪਾਰਟੀਆਂ ਵਿੱਚ ਇਹ ਗਿਣਤੀ ਕਾਫੀ ਹੈ। ਪਾਰਟੀ ਵਿੱਚ ਇੰਡੋ-ਕੈਨੇਡੀਅਨ ਲੋਕ ਜਾਂ ਚੀਨੀ ਮੂਲ ਦੇ ਲੋਕ ਜਾਂ ਹੋਰ ਘੱਟਗਿਣਤੀ ਦੇ ਭਾਈਚਾਰਿਆਂ ਦੇ ਲੋਕ ਘੱਟ ਕਿਉਂ ਹਨ? ਉਹ ਇਸ ਵਿੱਚ ਕਿਉਂ ਨਹੀਂ ਹਨ? ਪਾਰਟੀ ਨੌਜਵਾਨਾਂ ਨੂੰ ਆਪਣੇ ਵੱਲ ਖਿੱਚਣ ਵਿੱਚ ਫੇਲ੍ਹ ਕਿਉਂ ਹੋ ਰਹੀ ਹੈ? ਪਾਰਟੀ ਵਿੱਚ ਨੌਜਵਾਨ ਲੋਕ ਬਹੁਤ ਜ਼ਿਆਦਾ ਨਹੀਂ ਹਨ।

ਮੈਂ ਇਸ ਤਰ੍ਹਾਂ ਦੀ ਭੂਮਿਕਾ ਨਿਭਾ ਰਿਹਾ ਹਾਂ, ਇਕ ਤਰ੍ਹਾਂ ਨਾਲ ਪਾਰਟੀ ਵਿੱਚ ਇਸ ਤਰ੍ਹਾਂ ਦੇ ਅਣਸੁਖਾਂਵੇਂ ਮਸਲਿਆਂ ਬਾਰੇ ਸਵਾਲ ਉਠਾਉਣ ਵਾਲੇ ਵਿਅਕਤੀ ਦੀ ਭੂਮਿਕਾ। ਅਜੇ ਵੀ ਮੈਨੂੰ ਪਾਰਟੀ ਦੀ ਸਥਾਪਤੀ ਦਾ ਹਿੱਸੇ ਵੱਜੋਂ ਨਹੀਂ ਦੇਖਿਆ ਜਾਂਦਾ ਅਤੇ ਮੈਨੂੰ ਚੰਗਾ ਸਮਝਿਆ ਜਾਂਦਾ ਹੈ ਕਿਉਂਕਿ ਮੇਰੀਆਂ ਕੋਈ (ਸਿਆਸੀ) ਖਾਹਿਸ਼ਾਂ ਨਹੀਂ ਹਨ। ਮੈਂ ਉਨ੍ਹਾਂ ਨੂੰ ਦਸਦਾ ਹਾਂ ਕਿ ਮੇਰੀ ਕਿਸੇ ਕੋਲੋਂ ਪਾਰਟੀ ਦੀ ਲੀਡਰਸ਼ਿੱਪ ਖੋਹਣ ਦੀ ਇੱਛਾ ਨਹੀਂ ਹੈ। ਮੈਂ ਇਕ ਰਿਟਾਇਰ ਹੋਇਆ ਅਕਾਦਮਿਕ ਵਿਅਕਤੀ ਹਾਂ। ਮੈਂ ਜਿੰਨਾ ਵਧੀਆ ਹੋ ਸਕੇ ਉਨਾ ਵਧੀਆ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਇਸ ਲਈ ਪਾਰਟੀ ਵਿੱਚ ਉਸ ਵਿਅਕਤੀ ਦੇ ਮੁਕਾਬਲੇ ਮੇਰੀ ਗੱਲ ਸੁਣਨ ਦਾ ਜ਼ਿਆਦਾ ਝੁਕਾਅ ਹੈ ਜਿਸ ਵਿਅਕਤੀ ਨੂੰ ਪਾਰਟੀ ਵਿੱਚ ਪੱਖਪਾਤੀ ਵਿਅਕਤੀ ਵੱਜੋਂ ਦੇਖਿਆ ਜਾਂਦਾ ਹੋਵੇ। ਇਸ ਲਈ ਮੈਂ ਇਹ ਕਰਨ ਦੀ ਕੋਸ਼ਿਸ਼ ਕਰਦਾ ਹਾਂ।

ਸਵਾਲ: ਤੁਹਾਡੇ ਕੋਲੋਂ ਇੰਡੋ-ਕੈਨੇਡੀਅਨ ਕਮਿਊਨਿਟੀ ਨੂੰ ਕੀ ਉਮੀਦਾਂ ਹਨ?

ਜਵਾਬ: ਮੈਨੂੰ ਪਤਾ ਨਹੀਂ। ਮੈਨੂੰ ਸੱਚਮੁੱਚ ਹੀ ਪਤਾ ਨਹੀਂ। ਮੇਰੇ ਦੋਸਤ, ਮੇਰੇ ਹਿਮਾਇਤੀ, ਮੇਰੇ ਖਿਆਲ ਵਿੱਚ ਮੇਰੇ ਵੱਲ ਕਾਫੀ ਫਰਾਖਦਿਲ ਹਨ। ਸ਼ਾਇਦ ਉਹ ਉਮੀਦ ਕਰਦੇ ਹੋਣ ਕਿ ਮੈਂ ਜੋ ਵੀ ਕਰ ਰਿਹਾ ਹਾਂ, ਉਸ ਨੂੰ ਪੂਰੀ ਕਾਬਲੀਅਤ ਨਾਲ ਕਰਾਂ, ਕਿ ਮੈਂ ਆਪਣੇ ਆਪ ਦਾ ਮਜ਼ਾਕ ਨਾ ਬਣਾਵਾਂ, ਅਤੇ ਮੈਂ ਉਨ੍ਹਾਂ ਦੀ ਹਿਮਾਇਤ ਅਤੇ ਉਨ੍ਹਾਂ ਦੇ ਭਾਈਚਾਰੇ ਦਾ ਨਾਂ ਬਦਨਾਮ ਨਾ ਕਰਾਂ। ਇਸ ਤਰ੍ਹਾਂ ਉਨ੍ਹਾਂ ਦੇ ਇਸ ਤਰ੍ਹਾਂ ਦੇ ਨਾਂਹ-ਪੱਖੀ ਫਿਕਰ ਹੋ ਸਕਦੇ ਹਨ ਕਿ ਮੈਂ ਉਸ ਕੰਮ ਵਿੱਚ ਫੇਲ ਨਾ ਹੋਵਾਂ ਜੋ ਮੈਂ ਕਰ ਰਿਹਾ ਹਾਂ। ਜੇ ਉਹ ਮੇਰੇ ਕੋਲੋਂ ਕੋਈ ਠੋਸ ਚੀਜ਼ ਕਰਨ ਦੀ ਉਮੀਦ ਕਰਦੇ ਹੋਣ ਤਾਂ ਉਹ ਇਹਨਾਂ ਚੀਜ਼ਾਂ ਦਾ ਮੇਰੇ 'ਤੇ ਭਾਰ ਨਹੀਂ ਪਾਉਂਦੇ। ਜ਼ਾਹਰਾ ਤੌਰ 'ਤੇ ਮੇਰੀ ਆਪਣੀ ਉਮੀਦ ਹੈ ਕਿ ਮੈਂ ਉਨ੍ਹਾਂ ਵਿੱਚੋਂ ਕੁੱਝ ਨੂੰ ਸਰਗਰਮ ਖੱਬੀ ਸਿਆਸਤ ਵਿੱਚ ਖਿੱਚ ਸਕਾਂ। ਮੈਂ ਆਸ ਕਰਦਾ ਹਾਂ ਕਿ ਮੈਂ ਉਨ੍ਹਾਂ ਨੂੰ ਐਨ ਡੀ ਪੀ ਵਿੱਚ ਸ਼ਾਮਲ ਹੋਣ ਲਈ ਪ੍ਰੇਰਤ ਕਰ ਸਕਾਂ, ਪਰ ਉਨ੍ਹਾਂ ਨੇ ਮੇਰੇ ਕੋਲੋਂ ਕਿਸੇ ਵੀ ਚੀਜ਼ ਦੀ ਮੰਗ ਨਹੀਂ ਕੀਤੀ ਜਿਹੜੀ ਮੈਨੂੰ ਅਸਾਧਾਰਣ ਲੱਗਦੀ ਹੋਵੇ।

ਸਵਾਲ: ਅਜਿਹਾ ਕਿਉਂ ਹੈ? ਕੀ ਇਸ ਲਈ ਹੈ ਕਿ ਕਮਿਊਨਿਟੀ ਵਿੱਚ ਆਪਣੇ ਮਸਲਿਆਂ ਨੂੰ ਉਠਾਉਣ ਦਾ ਕੋਈ ਸਾਧਨ ਨਹੀਂ ਹੈ ਜਾਂ ਕੋਈ ਹੋਰ ਕਾਰਨ ਹੈ?

ਜਵਾਬ: ਹਾਂ, ਮੇਰਾ ਖਿਆਲ ਹੈ ਕਿ ਕਮਿਊਨਿਟੀ ਵਿੱਚ ਜੋ ਕੁੱਝ ਦਿਖਾਈ ਦਿੰਦਾ ਹੈ, ਉਸ ਦੇ ਮੁਕਾਬਲੇ ਜ਼ਿਆਦਾ ਦਿਖਾਈ ਨਹੀਂ ਦਿੰਦਾ। ਕਮਿਊਨਿਟੀ ਕਾਫੀ ਜ਼ਿਆਦਾ ਵੰਨਸੁਵੰਨੀ ਅਤੇ ਵੰਡੀ ਹੋਈ ਹੈ। ਕਮਿਊਨਿਟੀ ਦੇ ਨੁਮਾਇੰਦਗੀ ਕਰਨ ਲਈ ਜਾਂ ਮੇਰੇ ਤੱਕ ਕਮਿਊਨਿਟੀ ਦੇ ਫਿਕਰ ਪਹੁੰਚਾਉਣ ਲਈ ਕੋਈ ਇਕ ਸਾਧਨ ਅਸਰਦਾਰ ਨਹੀਂ ਹੋ ਸਕਦਾ। ਦੂਜੀ ਗੱਲ ਇਹ ਹੈ ਕਿ ਜੇ ਮੈਂ ਮਿੱਲਵੁਡਜ਼ ਦੇ ਇਲਾਕੇ ਵਿੱਚੋਂ ਜਿੱਤਿਆ ਹੁੰਦਾ, ਜਿੱਥੇ ਆਪਣੇ ਲੋਕਾਂ ਦੀ ਬਹੁਗਿਣਤੀ ਵਸਦੀ ਹੈ, ਤਾਂ ਗੱਲ ਵੱਖਰੀ ਹੋਣੀ ਸੀ। ਉਨ੍ਹਾਂ ਦੀਆਂ ਵੱਖਰੀਆਂ ਉਮੀਦਾਂ ਹੋਣੀਆਂ ਸਨ। ਪਰ ਕਿਉਂਕਿ ਮੈਂ ਉਸ ਇਲਾਕੇ ਦਾ ਐਮ ਐਲ ਏ

ਨਹੀਂ ਹਾਂ, ਇਸ ਲਈ ਮੇਰਾ ਖਿਆਲ ਹੈ ਕਿ ਆਪਣੇ ਸਰੋਕਾਰ ਸਾਂਝੇ ਕਰਨ ਲਈ ਉਹ ਮੈਨੂੰ ਆਪਣੀ ਪਹਿਲੀ ਚੋਣ ਨਹੀਂ ਸਮਝਦੇ। ਉਹ ਆਪਣੇ ਸਰੋਕਾਰ ਆਪਣੇ ਸਥਾਨਕ ਐੱਮ ਐੱਲ ਏ ਕੋਲ ਲੈ ਕੇ ਜਾਂਦੇ ਹਨ। ਸ਼ਾਇਕ ਕੁੱਝ ਹੱਦ ਤੱਕ ਇਹ ਇਸ ਕਰਕੇ ਹੈ।

ਸਵਾਲ: ਤੁਹਾਡੀ ਇਲੈਕਸ਼ਨ ਤੋਂ ਬਾਅਦ ਇੰਡੋ-ਕੈਨੇਡੀਅਨ ਕਮਿਊਨਿਟੀ ਨਾਲ ਤੁਹਾਡਾ ਰਿਸ਼ਤਾ ਕਿਸ ਤਰ੍ਹਾਂ ਬਦਲਿਆ ਹੈ?

ਜਵਾਬ: ਮੈਂ ਇਹ ਦੱਸਣਾ ਜ਼ਰੂਰੀ ਸਮਝਦਾ ਹਾਂ ਕਿ 1996 ਤੱਕ ਮੇਰਾ ਕਮਿਊਨਿਟੀ ਨਾਲ ਇਕ ਸੀਮਤ ਰਿਸ਼ਤਾ ਸੀ, ਕਿਉਂਕਿ ਮੇਰੀ ਜ਼ਿਆਦਾ ਵਚਨਬੱਧਤਾ ਯੂਨੀਵਰਸਿਟੀ ਨਾਲ ਸੀ। ਮੈਂ ਆਪਣੇ ਕੰਮ ਨੂੰ ਕਾਫੀ ਗੰਭੀਰਤਾ ਨਾਲ ਲੈਂਦਾ ਹਾਂ। ਮੇਰੇ ਕੋਲ ਕਦੇ ਵੀ ਕਮਿਊਨਿਟੀ ਨਾਲ ਬਿਤਾਉਣ ਲਈ ਏਨਾ ਜ਼ਿਆਦਾ ਸਮਾਂ ਨਹੀਂ ਸੀ। ਮੈਂ ਮੀਟਿੰਗਾਂ ’ਤੇ ਜਾਂਦਾ ਹਾਂ, ਜਦੋਂ ਮੈਨੂੰ ਸੱਦਿਆ ਜਾਂਦਾ ਹੈ। ਮੈਂ ਗੁਰਦਵਾਰੇ ਜਾਣ ਤੋਂ ਪਰਹੇਜ਼ ਕਰਦਾ ਸੀ, ਕਿਉਂਕਿ ਉਹ ਖਾਲਿਸਤਾਨੀਆਂ ਵੱਲੋਂ ਆਪਣੇ ਅਧਿਕਾਰ ਵਿੱਚ ਲਏ ਜਾ ਰਹੇ ਸਨ। ਜ਼ਰੂਰੀ ਨਹੀਂ ਕਿ ਮੇਰਾ ਉੱਥੇ ਸਵਾਗਤ ਹੁੰਦਾ। ਇਸ ਲਈ ਮੈਂ ਕਿਹਾ,"ਮੈਂ ਉਨ੍ਹਾਂ ’ਤੇ ਆਪਣਾ ਸਮਾਂ ਖਰਾਬ ਨਹੀਂ ਕਰਾਂਗਾ।"

(ਸੁਰਿੰਦਰ)

*ਤੁਸੀਂ ਕਦੇ ਵੀ ਦਿਲਚਸਪੀ ਨਹੀਂ ਰੱਖਦੇ ਸੀ।*

(ਰਾਜ ਪੰਨੂੰ ਆਪਣੀ ਗੱਲ ਜਾਰੀ ਰੱਖਦੇ ਹਨ)

ਮੇਰੀ ਕਦੇ ਵੀ ਗੁਰਦਵਾਰੇ ਦੀ ਸਿਆਸਤ ਵਿੱਚ ਦਿਲਚਸਪੀ ਨਹੀਂ ਸੀ। ਮੈਂ ਗੁਰਦਵਾਰੇ ਨੂੰ ਉਹ ਮੰਚ ਨਹੀਂ ਸਮਝਦਾ ਜਿੱਥੋਂ ਮੈਂ ਕਮਿਊਨਿਟੀ ਨੂੰ ਉਹਨਾਂ ਮੁੱਦਿਆਂ ਬਾਰੇ ਗੱਲ ਕਰਨ ਲਈ ਕਹਿ ਸਕਾਂ ਜਿਹਨਾਂ ਮੁੱਦਿਆਂ ਬਾਰੇ ਮੈਂ ਚਾਹੁੰਦਾ ਹਾਂ ਕਿ ਕਮਿਊਨਿਟੀ ਨੂੰ ਗੱਲ ਕਰਨੀ ਚਾਹੀਦੀ ਹੈ। ਇਸ ਲਈ ਪਿਛਲੇ 20 ਸਾਲਾਂ ਵਿੱਚ ਗੁਰਦਵਾਰਿਆਂ ਵਿੱਚ ਮੇਰੀ ਸ਼ਮੂਲੀਅਤ ਇਕ ਸੀਮਤ ਹੱਦ ਤੱਕ ਹੀ ਰਹੀ ਹੈ। ਮਿਊਂਸਪਲ ਇਲੈਕਸ਼ਨਾਂ ਦੌਰਾਨ ਮੈਂ ਮਿਊਂਸਪਲ ਮੁੱਦਿਆਂ ਬਾਰੇ ਸਰਗਰਮ ਹੋਇਆ ਤਾਂ ਲੋਕਾਂ ਨੇ ਉਨ੍ਹਾਂ ਗੱਲਾਂ ਵੱਲ ਧਿਆਨ ਦਿੱਤਾ ਜਿਹੜੀਆਂ ਗੱਲਾਂ ਮੈਂ ਕਹਿ ਰਿਹਾ ਸਾਂ। ਅਸੀਂ ਤਬਦੀਲੀ ਲਿਆਉਣ ਲਈ, ਕੁੱਝ ਲੋਕਾਂ ਨੂੰ ਇਲੈਕਸ਼ਨ ਜਿਤਾਉਣ ਲਈ ਇਕ ਦੂਸਰੇ ਨੂੰ ਸਹਿਯੋਗ ਦਿੱਤਾ।

ਮੇਰੀ ਇਲੈਕਸ਼ਨ ਤੋਂ ਬਾਅਦ, ਹੁਣ ਮੇਰੇ ਕੋਲ ਉਨ੍ਹਾਂ ਨਾਲ ਸਮਾਂ ਬਿਤਾਉਣ ਲਈ ਸਮੇਂ ਦੀ ਤੰਗੀ ਹੈ। ਮੇਰੇ ਬਹੁਤ ਰੁਝੇਵੇਂ ਹਨ। ਮੈਂ ਦਿਨ ਰਾਤ ਏਧਰ ਉਧਰ ਦੌੜਦਾ-ਭੱਜਦਾ ਰਹਿੰਦਾ ਹਾਂ। ਮੈਂ ਉੱਥੇ ਉਦੋਂ ਹੀ ਜਾਂਦਾ ਹਾਂ ਜਦੋਂ ਕੋਈ ਉੱਥੇ ਕੋਈ ਸਮਾਗਮ ਵਗੈਰਾ ਹੁੰਦਾ ਹੈ, ਜਦੋਂ ਕਦੇ ਮੈਨੂੰ ਸੱਦਿਆ ਜਾਂਦਾ ਹਾਂ। ਆਏ ਹੋਏ ਸੱਦੇ ਨੂੰ ਮੈਂ ਕਦੇ ਅਣਗੌਲਿਆਂ ਨਹੀਂ ਕਰਦਾ। ਮੈਂ ਸਾਲ ਵਿੱਚ ਇਕ ਜਾਂ ਦੋ ਵਾਰ ਖੱਬੇ ਪੱਖੀ ਲੋਕਾਂ ਦੇ ਆਪਣੇ ਗਰੁੱਪ ਨੂੰ ਜ਼ਰੂਰ ਮਿਲਦਾ ਹਾਂ ਤਾਂ ਕਿ ਅਸੀਂ ਇਕਜੁੱਟ ਰਹੀਏ ਅਤੇ ਇਕ ਦੂਜੇ ਨਾਲ ਮਿਲ ਕੇ ਕੰਮ ਕਰਦੇ ਰਹੀਏ। ਇਸ ਤਰ੍ਹਾਂ ਉੱਥੇ ਮੇਰੀ ਏਨੀ ਕੁ ਹੀ ਸ਼ਮੂਲੀਅਤ ਹੈ ਇਸ ਸਮੇਂ।

ਸਵਾਲ: ਤੁਸੀਂ ਗੁਰਦਵਾਰਾ ਸਿਆਸਤ ਦੀ ਗੱਲ ਕੀਤੀ ਹੈ। ਇਸ ਨੇ ਤੁਹਾਡੇ ’ਤੇ ਕਿਸ ਤਰ੍ਹਾਂ ਦਾ ਅਸਰ ਪਾਇਆ? ਕੀ ਤੁਹਾਡੀ ਚੋਣ ਮੁਹਿੰਮ ਵਿੱਚ ਗੁਰਦਵਾਰੇ ਦੀ ਸਿਆਸਤ ਦਾ ਕੋਈ ਵੱਡਾ ਅਸਰ ਸੀ ਜਾਂ ਨਹੀਂ?

ਜਵਾਬ: ਬਿਲਕੁਲ ਕੋਈ ਅਸਰ ਨਹੀਂ ਸੀ। ਮੇਰੀ ਇਲੈਕਸ਼ਨ ਦੀਆਂ ਸਰਗਰਮੀਆਂ ਜਾਂ ਮੇਰੇ ਚੁਣੇ ਜਾਣ ਵਿੱਚ ਗੁਰਦਵਾਰੇ ਦੀ ਸਿਆਸਤ ਦਾ ਕੋਈ ਅਸਰ ਨਹੀਂ ਸੀ। ਗੁਰਦਵਾਰੇ ਦੀ ਸਿਆਸਤ ਏਨੀ ਜ਼ਿਆਦਾ ਨਾਂਹ-ਪੱਖੀ ਸੀ, ਕਿ ਮੈਂ ਜਾਣਬੁੱਝ ਕੇ ਆਪ ਉਸ ਵਿੱਚ ਕੋਈ ਐਨਰਜੀ ਨਾ ਲਾਉਣ ਦਾ ਫੈਸਲਾ ਕੀਤਾ। ਤੁਹਾਡੇ ਕੋਲ ਉਨਾ ਕੁ ਸਮਾਂ ਹੁੰਦਾ ਹੈ। ਤੁਹਾਡੇ ਉਨੇ ਕੁ ਘੰਟੇ ਹੀ ਹੁੰਦੇ ਹਨ। ਇਸ ਲਈ ਤੁਸੀਂ ਆਪਣੇ ਆਪ ਨੂੰ ਪੁੱਛਦੇ ਹੋ, "ਮੈਂ ਕਿੱਥੇ ਜ਼ਿਆਦਾ ਅਸਰਦਾਇਕ ਹੋ ਸਕਦਾ ਹਾਂ?" ਮੈਨੂੰ ਨਹੀਂ ਲੱਗਾ ਕਿ ਗੁਰਦਵਾਰਾ ਅਜਿਹੀ ਥਾਂ ਹੈ, ਜਿੱਥੇ ਮੈਂ ਕਾਰਗਰ ਹੋ ਸਕਦਾ ਹਾਂ। ਮੈਂ ਸਪਸ਼ਟ ਰੂਪ ਵਿੱਚ ਧਰਮ ਵਿੱਚ ਵਿਸ਼ਵਾਸ ਨਹੀਂ ਰੱਖਦਾ। ਮੈਂ ਇਕ ਨਾਸਤਕ ਹਾਂ। ਮੇਰੇ ਵਰਗੇ ਬੰਦੇ ਲਈ ਗੁਰਦਵਾਰੇ ਵਿੱਚ ਜ਼ਿਆਦਾ ਸਮਾਂ ਲਾਉਣਾ ਇਕ ਤਰ੍ਹਾਂ ਨਾਲ ਸਨਕੀ ਤਰ੍ਹਾਂ ਦੀ ਗੱਲ ਹੋਵੇਗੀ। ਉਹ ਧਰਮ ਵਿੱਚ ਵਿਸ਼ਵਾਸ ਕਰਨ ਵਾਲੇ ਲੋਕਾਂ ਦੀ ਥਾਂ ਹੈ। ਫਿਰ ਤੁਸੀਂ ਜਾ ਕੇ ਉਨ੍ਹਾਂ ਲੋਕਾਂ ਨਾਲ ਉਸ ਤਰ੍ਹਾਂ ਪੇਸ਼ ਕਿਉਂ ਆਵੋ, ਜੋ ਤੁਸੀਂ ਨਹੀਂ ਹੋ। ਇਸ ਲਈ ਇਸ ਬਾਰੇ ਮੇਰੀਆਂ ਸਦਾ ਹੀ ਰਲੀਆਂ ਮਿਲੀਆਂ ਭਾਵਨਾਵਾਂ ਰਹੀਆਂ ਹਨ।

ਇਕ ਸਮਾਜਕ ਸੰਸਥਾ ਵੱਜੋਂ ਗੁਰਦਵਾਰਾ ਇਕ ਮਹੱਤਵਪੂਰਨ ਥਾਂ ਹੈ। ਮੈਂ ਸਮਝਦਾ ਹਾਂ ਕਿ ਹਿੰਦੁਸਤਾਨ ਵਿੱਚ ਖੱਬੇਪੱਖੀ ਲੋਕਾਂ ਨੇ ਗੁਰਦਵਾਰੇ ਨੂੰ ਇਕ ਸਮਾਜਕ ਸੰਸਥਾ ਵੱਲੋਂ ਅਣਗੌਲਿਆਂ ਕਰਕੇ ਆਪਣਾ ਹੀ ਨੁਕਸਾਨ ਕਰਵਾਇਆ ਹੈ। ਇਸ ਤੋਂ ਬੱਚਿਆ ਨਹੀਂ ਜਾ ਸਕਦਾ। ਉਨ੍ਹਾਂ ਨੂੰ ਇਸ ਵਿੱਚ ਹੋਰ ਸਰਗਰਮ ਹੋਣਾ ਚਾਹੀਦਾ ਹੈ, ਪਰ ਇੱਥੇ ਮੇਰਾ ਖਿਆਲ ਹੈ ਕਿ ਸੂਬਾਈ ਅਤੇ ਨੈਸ਼ਨਲ ਚੋਣਾਂ ਵਿੱਚ ਗੁਰਦਵਾਰੇ ਦੀ ਭੂਮਿਕਾ ਏਨੀ ਜ਼ਿਆਦਾ ਨਹੀਂ। ਇਸ ਲਈ ਤੁਹਾਨੂੰ ਇਹ ਸਵਾਲ ਪੁੱਛਣਾ ਚਾਹੀਦਾ ਹੈ ਕਿ ਤੁਸੀਂ ਇਸ ਵਿੱਚ ਕਿੰਨਾ ਸਮਾਂ ਲਾਉਣਾ ਹੈ।

(ਸੁਰਿੰਦਰ)

*ਦੂਜੀ ਗੱਲ ਇਹ ਹੈ ਕਿ ਜੇ ਤੁਸੀਂ ਮਿੱਲ ਵੁੱਡਜ਼ ਵਿੱਚ ਹੁੰਦੇ ਤਾਂ ਸ਼ਾਇਦ ਤੁਹਾਨੂੰ ਗੁਰਦਵਾਰੇ ਜਾਣਾ ਪੈਂਦਾ ਅਤੇ ਉਨ੍ਹਾਂ ਤੋਂ ਸਮਰਥਨ ਲੈਣਾ ਪੈਂਦਾ।*

(ਰਾਜ ਪੰਨੂੰ ਗੱਲ ਜਾਰੀ ਰੱਖਦੇ ਹਨ)

ਹਾਂ ਜੇ ਤੁਸੀਂ ਇਲੈਕਸ਼ਨ ਲੜ ਰਹੇ ਹੋ, ਤਾਂ ਤੁਹਾਨੂੰ ਜਾਣਾ ਹੀ ਪਏਗਾ। ਫਿਰ ਤੁਸੀਂ ਉੱਥੇ ਇਕ ਸਿਆਸੀ ਬੰਦੇ ਵੱਜੋਂ ਜਾਉਗੇ, ਉਨ੍ਹਾਂ ਲੋਕਾਂ ਦਾ ਸਮਰਥਨ ਲੈਣ ਲਈ ਜਿਹੜੇ ਉੱਥੇ ਜਾਂਦੇ ਹਨ, ਉਹਨਾਂ ਲੋਕਾਂ ਕੋਲ ਜਿਹੜੇ ਤੁਹਾਡੇ ਹਲਕੇ ਦੇ ਵੋਟਰ ਹੋਣਗੇ। ਪਰ ਮੈਂ ਉਹ ਹੀ ਚੀਜ਼ ਇੱਥੇ ਵੀ ਕਰਾਂਗਾ, ਮੈਂ ਚਰਚ ਵਿੱਚ ਜਾਵਾਂਗਾ। ਮੈਂ ਇੱਥੇ ਅੰਤਰ-ਵਿਸ਼ਵਾਸੀ (ਇੰਟਰਫੇਥ) ਲੋਕਾਂ ਨੂੰ ਮਿਲਣ ਦੀ ਕੋਸ਼ਿਸ਼ ਕੀਤੀ ਸੀ, ਖਾਸ ਕਰਕੇ ਇੱਥੇ ਚਰਚ ਗਰੁੱਪਾਂ ਦੀ ਸਮਾਜਕ ਨਿਆਂ ਲਈ ਇਕ ਸਾਂਝੀ ਜਥੇਬੰਦੀ ਹੈ। ਮੈਂ ਉਨ੍ਹਾਂ ਨੂੰ ਮਿਲਣ ਦੀ ਕੋਸ਼ਿਸ਼ ਕੀਤੀ, ਮੈਂ ਹੁਣ ਵੀ ਉਨ੍ਹਾਂ ਨੂੰ ਮਿਲਣ ਦੀ ਕੋਸ਼ਿਸ਼ ਕਰਦਾ ਹਾਂ। ਮੈਨੂੰ ਧਾਰਮਿਕ ਲੋਕਾਂ ਨੂੰ ਮਿਲਣ ਵਿੱਚ ਦਿੱਕਤ ਨਹੀਂ ਹੈ, ਜਿੰਨੀ ਦੇਰ ਤੱਕ ਉਹ ਸਮਾਜਕ ਅਤੇ ਸਿਆਸੀ ਅਤੇ ਆਰਥਿਕ ਮੁੱਦਿਆਂ ਬਾਰੇ ਗੱਲ ਕਰਨ ਲਈ ਤਿਆਰ ਹਨ ਅਤੇ ਉਨ੍ਹਾਂ ਵਿੱਚ ਦਿਲਚਸਪੀ ਰੱਖਦੇ ਹਨ। ਪਰ ਇਹ ਗੱਲ ਕਰਨ ਲਈ ਕਿ ਜਦੋਂ ਤੁਸੀਂ ਅੰਦਰ ਜਾਂਦੇ ਹੋ ਤਾਂ ਸਿਰ ਢਕਣਾ ਹੈ ਜਾਂ ਨਹੀਂ ਜਾਂ ਤੁਸੀਂ ਗੁਰੂ ਗ੍ਰੰਥ ਸਾਹਿਬ ਨੂੰ ਇਸ ਪਾਸਿਓਂ ਪੜ੍ਹਨਾ ਹੈ ਜਾਂ ਉਸ ਪਾਸਿਓਂ, ਇਸ ਦਾ ਕੋਈ ਮਤਲਬ ਨਹੀਂ ਹੈ।

ਸਵਾਲ: ਕੀ ਤੁਹਾਡੀ ਇਲੈਕਸ਼ਨ ਨੇ ਅਲਬਰਟਾ ਦੀ ਸਿਆਸਤ ਬਾਰੇ ਤੁਹਾਡੇ ਨਜ਼ਰੀਏ ਵਿੱਚ ਕੋਈ ਤਬਦੀਲੀ ਲਿਆਂਦੀ?

ਜਵਾਬ: ਅਜੇ ਏਨਾ ਸਮਾਂ ਨਹੀਂ ਹੋਇਆ ਕਿ ਮੈਂ ਇਸ ਬਾਰੇ ਕੁੱਝ ਕਹਿ ਸਕਾਂ। ਅਲਬਰਟਾ ਦੀ ਸਿਆਸਤ ਅਲਬਰਟਾ ਦੀ ਸਿਆਸਤ ਹੈ। ਮੈਂ ਚੋਣ ਲੜਨ ਤੋਂ ਪਹਿਲਾਂ ਇੱਥੇ 30-35 ਸਾਲ ਰਿਹਾ ਹਾਂ। ਮੇਰੇ ਮਨ ਵਿੱਚ ਅਲਬਰਟਾ ਦੀ ਸਿਆਸਤ ਬਾਰੇ ਕੋਈ ਭਰਮ ਨਹੀਂ ਸੀ। ਮੈਂ ਇਸ ਬਾਰੇ ਚੰਗੀ ਤਰ੍ਹਾਂ ਜਾਣਦਾ ਸੀ। ਇਸ ਬਾਰੇ ਮੈਨੂੰ ਕੋਈ ਹੈਰਾਨੀ ਨਹੀਂ ਹੋਈ। ਮੈਂ ਜਾਣਦਾ ਸੀ ਕਿ ਲਿਬਰਲ ਟੋਰੀਆਂ ਤੋਂ ਬਹੁਤ ਵੱਖਰੇ ਨਹੀਂ ਹਨ ਅਤੇ ਉਹ ਮੌਕਾਪ੍ਰਸਤ ਸਨ ਅਤੇ ਉਨ੍ਹਾਂ ਵਿੱਚੋਂ ਕਈ ਉਨੇ ਹੀ ਸਨਕੀ ਹਨ ਜਿੰਨੇ ਟੋਰੀ। ਇਸ ਤਰ੍ਹਾਂ ਜੇ ਆਮ ਤੌਰ 'ਤੇ ਕਹਿਣਾ ਹੋਵੇ ਤਾਂ ਦੂਜੀਆਂ ਸਿਆਸੀ ਪਾਰਟੀਆਂ ਦੀ ਵਿਚਾਰਧਾਰਾ ਦੇ ਰੰਗ ਬਾਰੇ ਮੈਂ ਹੁਣ ਵੀ ਪਹਿਲਾਂ ਨਾਲੋਂ ਵੱਖਰਾ ਨਹੀਂ ਸੋਚਦਾ।

ਪਰ ਜੇ ਲੈਜਿਸਲੇਚਰ ਵਿੱਚ ਆਪਣੇ ਨਾਲ ਦੇ ਦੂਸਰੇ ਐੱਮ ਐੱਲ ਇਆਂ ਬਾਰੇ ਗੱਲ ਕਰਨੀ ਹੋਵੇ, ਤਾਂ ਮੇਰੇ ਖਿਆਲ ਵਿੱਚ ਉਹ ਮੇਰੇ ਨਾਲ ਕਾਫੀ ਸ਼ਿਸ਼ਟ ਵਿਹਾਰ ਕਰਦੇ ਹਨ, ਜਿਸ ਤੋਂ ਮੈਨੂੰ ਕਈ ਵਾਰ ਹੈਰਾਨੀ ਹੁੰਦੀ ਹੈ, ਕਿਉਂਕਿ ਮੈਂ ਉਨ੍ਹਾਂ ਦੀ ਕਾਫੀ ਆਲੋਚਨਾ ਕਰਦਾ ਹਾਂ ਭਾਵੇਂ ਕਿ ਕੋਈ ਗਲਤ ਸ਼ਬਦ ਨਹੀਂ ਵਰਤਦਾ। ਮੈਂ ਅਪਮਾਨਜਨਕ ਬੋਲੀ ਦੀ ਵਰਤੋਂ ਨਹੀਂ ਕਰਦਾ। ਮੈਂ ਸੰਕੀਰਨ ਬੋਲੀ ਨਹੀਂ ਵਰਤਦਾ। ਮੈਂ ਆਲੋਚਨਾ ਕਰਦਾ ਹਾਂ। ਮੈਂ ਇਹ ਦੱਸਣ 'ਤੇ ਸਮਾਂ ਲਾਉਂਦਾ ਹਾਂ ਕਿ ਮੈਂ ਆਲੋਚਨਾ ਕਿਉਂ ਕਰਦਾ ਹਾਂ, ਅਤੇ ਇਸ ਸੰਦਰਭ ਵਿੱਚ ਮੈਂ ਜੋ ਕਹਿੰਦਾ ਹਾਂ, ਉਸ ਨੂੰ ਆਮ ਸਵੀਕ੍ਰਿਤੀ ਮਿਲਦੀ ਹੈ। ਲੋਕ ਕਹਿੰਦੇ ਹਨ, "ਸਾਡਾ ਖਿਆਲ ਹੈ, ਕਿ ਉਹ ਇਕ ਚੰਗਾ ਬੰਦਾ ਹੈ।" ਟੋਰੀ ਅਤੇ ਲਿਬਰਲ ਮੈਨੂੰ ਨੋਟ ਭੇਜਦੇ ਹਨ, ਜਿਨ੍ਹਾਂ ਵਿੱਚ ਲਿਖਿਆ ਹੁੰਦਾ ਹੈ, "ਇਹ ਚੰਗੀ ਸਪੀਚ ਸੀ। ਤੁਸੀਂ ਕੁੱਝ ਚੰਗੇ ਨੁਕਤੇ ਉਠਾਏ ਹਨ"। ਇਸ ਤਰ੍ਹਾਂ ਦੀ ਗੱਲਬਾਤ। ਇਸ ਤਰ੍ਹਾਂ ਉਹ ਇਸ ਬਾਰੇ ਕਾਫੀ ਸ਼ਿਸ਼ਟ ਹਨ।

ਸਵਾਲ: ਕੀ ਤੁਸੀਂ ਸੋਚਦੇ ਹੋ ਕਿ ਤੁਹਾਡੀ ਇਲੈਕਸ਼ਨ ਨੇ ਅਲਬਰਟਾ ਵਿੱਚ ਇਕ ਰੰਗਦਾਰ ਭਾਈਚਾਰੇ ਵੱਜੋਂ ਇੰਡੋ-ਕੈਨੇਡੀਅਨ ਕਮਿਉਨਿਟੀ ਦੀ ਤਸਵੀਰ ਵਿੱਚ ਕੋਈ ਤਬਦੀਲੀ ਲਿਆਂਦੀ ਹੈ?

ਜਵਾਬ: ਮੈਂ ਸਮਝਦਾ ਹਾਂ ਇਸ ਨਾਲ ਕੁੱਝ ਫਰਕ ਪੈਂਦਾ ਹੈ। ਇਹ ਕੁੱਝ ਉਨ੍ਹਾਂ ਸਰੋਕਾਰਾਂ ਨੂੰ ਖਤਮ ਕਰਦੀ ਹੈ, ਜਿਹੜੇ ਸਾਡੇ ਬਾਰੇ ਗੈਰ ਇੰਡੋ-ਕੈਨੇਡੀਅਨ ਲੋਕਾਂ ਦੇ ਹੋਣਗੇ, ਭਾਵੇਂ ਉਨ੍ਹਾਂ ਸਰੋਕਾਰਾਂ ਦਾ ਕੋਈ ਆਧਾਰ ਨਾ ਵੀ ਹੋਵੇ। ਜੇ ਕੁੱਝ ਇਸ ਤਰ੍ਹਾਂ ਦਾ

ਹੋਵੇ ਤਾਂ ਮੈਨੂੰ ਅਜਿਹਾ ਸੁਣ ਕੇ ਖੁਸ਼ੀ ਹੋਵੇਗੀ, ਪਰ ਇਸ ਬਾਰੇ ਕੁੱਝ ਕਹਿਣਾ ਬਹੁਤ ਮੁਸ਼ਕਿਲ ਹੈ। ਖਾਸ ਕਰਕੇ ਮੇਰੇ ਲਈ ਇਸ ਬਾਰੇ ਕੁੱਝ ਕਹਿਣਾ ਅਤੇ ਇਸ ਬਾਰੇ ਨਿਰਣਾ ਕਰਨਾ ਕਾਫੀ ਮੁਸ਼ਕਿਲ ਹੈ।

ਸਵਾਲ: ਕਈ ਵਾਰੀ ਲੋਕ ਕਹਿੰਦੇ ਹਨ ਕਿ ਐਥਨਿਕ ਭਾਈਚਾਰੇ ਬਲਾਕ ਵੋਟਿੰਗ ਕਰਕੇ ਨਾਮਜ਼ਦਗੀ ਦੇ ਪ੍ਰਬੰਧ ਦੀ ਦੁਰਵਰਤੋਂ ਕਰ ਰਹੇ ਹਨ। ਇਸ ਬਾਰੇ ਤੁਹਾਡਾ ਕੀ ਤਜਰਬਾ ਹੈ?

ਜਵਾਬ: ਮੇਰੇ ਮਾਮਲੇ ਵਿੱਚ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਹੋ ਸਕਦੀ। ਪਰ ਮੇਰੇ ਖਿਆਲ ਵਿੱਚ ਇਸ ਵਿੱਚ ਕੁੱਝ ਕੁ ਸਚਾਈ ਤਾਂ ਹੈ। ਪਿਛਲੀਆਂ ਦੋ ਲੀਡਰਸ਼ਿੱਪ ਕਨਵੈਨਸ਼ਨਾਂ ਵਿੱਚ ਲਿਬਰਲਾਂ ਨੇ ਕੁੱਝ ਸਿੱਖ, ਖਾਸ ਕਰਕੇ ਖਾਲਿਸਤਾਨੀ, ਧੜਿਆਂ ਦੀ ਮਦਦ ਲਈ ਹੈ। ਇਹ ਕੁੱਝ ਹੱਦ ਤੱਕ ਇਸ ਕਰਕੇ ਵੀ ਹੈ ਕਿ ਗੋਰੇ ਕੈਨੇਡੀਅਨ ਸਿਆਸਤਦਾਨਾਂ ਨੂੰ ਹਿੰਦੁਸਤਾਨ ਦੀ ਅਤਿਵਾਦੀ ਸਿਆਸਤ ਦੀ ਉਨੀ ਸਮਝ ਨਹੀਂ ਹੈ। ਸ਼ਾਇਦ ਉਹ ਖਾਲਿਸਤਾਨ ਦੀ ਲਹਿਰ ਨੂੰ ਪੂਰੀ ਤਰ੍ਹਾਂ ਗਲਤ ਜਾਂ ਨਾਹੱਕੀ ਨਹੀਂ ਸਮਝਦੇ। ਉਹ ਇਹ ਸਵਾਲ ਪੁੱਛੇ ਬਿਨਾਂ ਮਨੁੱਖੀ ਅਧਿਕਾਰਾਂ ਦੀ ਦਲੀਲ ਤੋਂ ਕਾਇਲ ਹੋ ਜਾਂਦੇ ਹਨ, "ਕੀ ਇਕੱਲੀ ਸਰਕਾਰ ਹੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰ ਰਹੀ ਹੈ ਜਾਂ ਅਸਲ ਵਿੱਚ ਉਹ ਲੋਕ ਵੀ ਮਨੁੱਖੀ ਅਧਿਕਾਰਾਂ ਨੂੰ ਭੰਗ ਕਰ ਰਹੇ ਹਨ?" ਇਸ ਲਈ ਉੱਥੋਂ ਦੀ ਸਿਆਸਤ ਦੇ ਸੁਭਾਅ ਅਤੇ ਸਿਆਸੀ ਸਮੱਸਿਆ ਦੀ ਕਿਸਮ ਬਾਰੇ ਇਕ ਸਾਧਾਰਣ ਸਮਝ ਹੈ। ਇਸ ਦੇ ਨਤੀਜੇ ਵੱਜੋਂ, ਇਨ੍ਹਾਂ ਵਿੱਚੋਂ ਕਈ ਅਤਿਵਾਦੀ ਗਰੁੱਪ, ਉਦਾਹਰਨ ਲਈ ਖਾਲਿਸਤਾਨੀ, ਕੁੱਝ ਹਮਦਰਦੀ, ਲੈਣ ਵਿੱਚ ਕਾਮਯਾਬ ਹੋ ਜਾਂਦੇ ਹਨ, ਆਪਣੀ ਗੱਲ ਸੁਣਾਉਣ ਦੇ ਕਾਬਲ ਹੋ ਜਾਂਦੇ ਹਨ। ਇੱਥੋਂ ਤੱਕ ਕਿ ਡੇਵਿਡ ਕਿਲਗੋਰ, ਜਿਹੜਾ ਕਿ ਇਕ ਵਧੀਆ ਇਨਸਾਨ ਹੈ, ਅਤੇ ਮੇਰੇ ਮਨ ਵਿੱਚ ਉਸ ਦੀ ਕਾਫੀ ਇੱਜ਼ਤ ਹੈ, ਵਰਗੇ ਲੋਕ ਵੀ ਉਨ੍ਹਾਂ ਦੇ ਪ੍ਰਭਾਵ ਹੇਠ ਆ ਜਾਂਦੇ ਹਨ। ਉਹ ਇਕ ਬਹੁਤ ਚੁਸਤ ਸਿਆਸਤਦਾਨ ਹੈ, ਇਸ ਲਈ ਹੁਣ ਉਸ ਨੇ ਉਨ੍ਹਾਂ ਤੋਂ ਕੁੱਝ ਵਿੱਥ ਬਣਾ ਲਈ ਹੈ। ਪਰ ਕਈ ਚੰਗੇ ਅਤੇ ਕਾਮਯਾਬ ਸਿਆਸਤਦਾਨ ਇਨ੍ਹਾਂ ਗਰੁੱਪਾਂ ਦੀ ਅਪੀਲ ਦੇ ਅਸਰ ਹੇਠ ਆਏ ਹਨ। ਇਸ ਲਈ ਬਲਾਕ ਵੋਟਿੰਗ ਕੁੱਝ ਮੌਕਾਪ੍ਰਸਤ ਸਿਆਸਤਦਾਨਾਂ ਨੂੰ ਸਾਡੀ ਕਮਿਉਨਿਟੀ ਦੇ ਕੁੱਝ ਮੈਂਬਰਾਂ, ਜਿਹੜੇ ਕਿ ਵੋਟਾਂ ਪਵਾ ਸਕਦੇ ਹਨ, ਦੀਆਂ ਸੇਵਾਵਾਂ ’ਤੇ ਨਿਰਭਰ ਕਰ ਦਿੰਦੀ ਹੈ।

ਸਵਾਲ: ਮੈਨੂੰ ਉਨ੍ਹਾਂ ਲੋਕਾਂ ਬਾਰੇ ਦੱਸੋ ਜਿਹੜੇ ਸਿਆਸੀ ਤੌਰ ’ਤੇ ਤੁਹਾਡੇ ਨੇੜੇ ਰਹੇ ਹਨ?

ਜਵਾਬ: ਕਦੋਂ ਤੋਂ?

ਸਵਾਲ: ਤੁਹਾਡੀ ਸਾਰੀ ਜ਼ਿੰਦਗੀ ਵਿੱਚ?

ਜਵਾਬ: ਸ਼ਾਇਦ ਇਹ ਸਭ ਤੋਂ ਔਖਾ ਸਵਾਲ ਹੈ। ਇਸ ਵਿੱਚ ਲਗਾਤਾਰ ਤਬਦੀਲੀ ਆ ਰਹੀ ਹੈ। ਮੈਂ ਤੀਹਵਿਆਂ ਵਿੱਚ ਵੱਡਾ ਹੋ ਰਿਹਾ ਸੀ। ਮੇਰਾ ਜਨਮ 1933 ਵਿੱਚ ਹੋਇਆ ਸੀ। ਸੰਨ 1940 ਕੁ ਦੇ ਦੁਆਲੇ ਜਦੋਂ ਮੈਂ 7-8 ਸਾਲ ਦਾ ਸੀ, ਮੈਂ ਇਨ੍ਹਾਂ ਚੀਜ਼ਾਂ ਨੂੰ ਨੋਟਿਸ ਕਰਨਾ ਸ਼ੁਰੂ ਕੀਤਾ। ਉਸ ਸਮੇਂ ਹਿੰਦੁਸਤਾਨ ਵਿੱਚ ਕੌਮੀ ਸਿਆਸਤ ਆਪਣੇ ਸਿਖਰ ’ਤੇ ਸੀ। ਉਸ ਸਮੇਂ ਨਹਿਰੂ, ਗਾਂਧੀ ਆਦਿ ਦੇ ਨਾਂ ਘਰ ਘਰ ਜਾਣੇ ਜਾਂਦੇ ਸਨ। ਸਾਨੂੰ ਸਾਰਿਆਂ ਨੂੰ ਉਨ੍ਹਾਂ ਬਾਰੇ ਪਤਾ ਸੀ। ਭਗਤ ਸਿੰਘ ਸਾਡਾ ਪੰਜਾਬੀਆਂ ਦਾ ਆਪਣਾ ਹੀਰੋ ਸੀ। ਗਦਰੀ ਬਾਬੇ। ਨਾਇਕੀ, ਸਿਆਸੀ ਪ੍ਰਤੀਬੱਧਤਾ ਅਤੇ ਬਹਾਦਰੀ ਦੀਆਂ ਇਹ ਘਰ ਘਰ ਦੱਸੀਆਂ ਜਾਣ ਵਾਲੀਆਂ ਕਹਾਣੀਆਂ ਸਨ।

ਇਸ ਤਰ੍ਹਾਂ ਉਸ ਸਮੇਂ ਇਹ ਲੋਕ ਸਨ। ਮੇਰਾ ਆਪਣਾ ਪਰਿਵਾਰ ਕਾਫੀ ਸਿਆਸੀ ਸੀ। ਮੇਰਾ ਬਾਪ ਸਿਆਸਤ ਵਿੱਚ ਕਾਫੀ ਸਰਗਰਮ ਸੀ। ਮੈਨੂੰ ਯਾਦ ਹੈ, ਸ਼ਾਇਦ ਇਹ 1942 ਦੀ ਗੱਲ ਹੈ ਕਿ ਸਾਡੇ ਪਿੰਡ ਵਿੱਚ ਕਮਿਊਨਿਸਟ ਪਾਰਟੀ ਦੀ ਇਕ ਕਾਨਫਰੰਸ ਸੀ। ਇਹ ਸ਼ਾਇਦ ਵਿਸਾਖੀ ਦੇ ਮੌਕੇ ਦੀ ਗੱਲ ਹੈ। ਮੇਰੇ ਬਾਪ ਨੇ ਲਾਲ ਝੰਡਾ ਲਹਿਰਾਇਆ ਅਤੇ ਫਿਰ ਇਸ ਬਾਰੇ ਬੋਲਿਆ। ਮੇਰਾ ਖਿਆਲ ਹੈ ਕਿ ਮੈਂ ਉਸ ਸਮੇਂ ਚੌਥੀ ਜਮਾਤ ਵਿੱਚ ਹੋਵਾਂਗਾ। ਅਤੇ ਮੈਂ ਉਸ ਨੂੰ ਪਹਿਲੀ ਵਾਰ ਬੋਲਦਿਆਂ ਸੁਣਿਆ। ਉਸ ਵੇਲੇ ਮੈਂ 9 ਸਾਲਾਂ ਦਾ ਸੀ। ਉਸ ਨੇ ਲਾਲ ਝੰਡੇ ਦੇ ਇਤਿਹਾਸ ਬਾਰੇ ਗੱਲ ਕੀਤੀ ਅਤੇ ਸੰਨ 1870 ਵਿੱਚ ਸ਼ਿਕਾਗੋ ਵਿੱਚ ਹੋਏ ਕਤਲੇਆਮ ਦੀ ਗੱਲ ਕੀਤੀ ਅਤੇ ਕਿਸ ਤਰ੍ਹਾਂ ਇਹ ਝੰਡਾ ਯੂਰਪ ਅਤੇ ਅਤੇ ਹੋਰ ਥਾਂਵਾਂ ਉੱਤੇ ਸਨਅਤੀ ਕਾਮਿਆਂ ਦੀਆਂ ਜੱਦੋਜਹਿਦਾਂ ਦੌਰਾਨ ਹੋਂਦ ਵਿੱਚ ਆਇਆ। ਉਸ ਨੇ ਮਾਰਕਸ ਅਤੇ ਹੋਰ ਲੋਕਾਂ ਬਾਰੇ ਗੱਲ ਕੀਤੀ।

ਇਸ ਤਰ੍ਹਾਂ ਸਿਆਸਤ ਨਾਲ ਇਹ ਮੇਰਾ ਪਹਿਲਾ ਵਾਹ ਸੀ ਅਤੇ ਉਹ (ਮੇਰਾ ਬਾਪ) ਮੇਰੇ ਲਈ ਇਕ ਹੀਰੋ ਸੀ। ਮੈਂ ਉਸ ਵੱਲ ਬੜੇ ਮਾਣ ਨਾਲ ਦੇਖਦਾ ਸੀ ਅਤੇ ਹੋਰ ਵੀ ਲੋਕ ਉਸ ਵੱਲ ਮਾਣ ਨਾਲ ਦੇਖਦੇ ਸਨ। ਉਹ ਬਹੁਤ ਸਾਰੀਆਂ ਸਿਆਸੀ ਸਰਗਰਮੀਆਂ ਦਾ ਕੇਂਦਰ ਸੀ। ਸਾਡਾ ਘਰ ਇਕ ਕਮਿਊਨ ਵਾਂਗ ਸੀ। ਇਲੈਕਸ਼ਨਾਂ ਦੌਰਾਨ ਬਹੁਤ ਸਾਰੇ ਲੋਕ ਆਉਂਦੇ ਜਾਂਦੇ ਰਹਿੰਦੇ ਸਨ। ਉਹ ਹਮੇਸ਼ਾਂ ਸਰਗਰਮ ਰਹਿੰਦਾ ਸੀ। ਉਹ ਇਕ ਮਹੱਤਵਪੂਰਨ ਵਿਅਕਤੀ ਸੀ।

ਫਿਰ 1950ਵਿਆਂ ਦਾ ਦੌਰ ਆਇਆ, ਦੂਜੀ ਸੰਸਾਰ ਜੰਗ ਤੋਂ ਬਾਅਦ ਦਾ ਦੌਰ। ਮਾਓ ਇਕ ਮਹਾਨ ਹੀਰੋ ਸੀ। ਮੈਨੂੰ ਯਾਦ ਹੈ ਕਿ ਸੰਨ 1949 ਵਿੱਚ ਆਲ ਇੰਡੀਆ ਸਟੂਡੈਂਟ ਫੈਡਰੇਸ਼ਨ ਦੀ ਕਾਨਫਰੰਸ ਜਲੰਧਰ ਵਿਖੇ ਹੋਈ ਸੀ। ਉਸ ਸਮੇਂ ਸੁਲਤਾਨ ਨਿਆਜ਼ੀ ਆਲ ਇੰਡੀਆ ਸਟੂਡੈਂਟ ਫੈਡਰੇਸ਼ਨ ਦਾ ਲੀਡਰ ਹੁੰਦਾ ਸੀ। ਅਲੀਗੜ੍ਹ ਯੂਨੀਵਰਸਿਟੀ ਤੋਂ ਇਕ ਹੋਣਹਾਰ ਵਿਅਕਤੀ ਸੀ ਅਤੇ ਉਸ ਦਾ ਸੰਬੰਧ ਇਕ ਬਹੁਤ ਹੀ ਸਥਾਪਤ ਅਕਾਦਮਿਕ ਪਰਿਵਾਰ ਨਾਲ ਸੀ। ਉਹ ਉੱਥੇ ਆਇਆ ਅਤੇ ਬੋਲਿਆ। ਸਰਦਾਰ ਜ਼ਾਫਰੀ ਬੰਬਈ ਤੋਂ ਆਇਆ, ਅਤੇ ਉਸ ਨੇ ਚੀਨ ਅਤੇ ਮਾਓ ਬਾਰੇ ਕਵਿਤਾ ਪੜ੍ਹੀ, *"ਹਿਮਾਲੀਆ ਕੀ ਚੋਟੀਓਂ ਸੇ ਮਾਉ ਚਿਲਾ ਰਹਾ ਹੈ, ਇਨਕਲਾਬ ਆ ਰਹਾ ਹੈ, ਇਨਕਲਾਬ ਆ ਰਹਾ ਹੈ।"* ਇਸ ਤਰ੍ਹਾਂ ਮਾਓ ਬਹੁਤ ਵੱਡੀ ਸ਼ਖਸੀਅਤ ਸੀ।

1950ਵਿਆਂ ਵਿੱਚ ਮੈਨੂੰ ਹੋ ਚੀ ਮਿੰਨ੍ਹ ਨੇ ਵੀ ਕਾਫੀ ਪ੍ਰਭਾਵਤ ਕੀਤਾ। ਉਹ ਇਤਿਹਾਸਕ ਮਹੱਤਤਾ ਵਾਲੀ ਇਕ ਕਾਫੀ ਮਹੱਤਵਪੂਰਨ ਸ਼ਖਸੀਅਤ ਸੀ। ਪਹਿਲਾਂ ਫਰਾਂਸੀਸੀ ਬਸਤੀਵਾਦ ਵਿਰੁੱਧ ਅਤੇ ਬਾਅਦ ਵਿੱਚ ਅਮਰੀਕਨ ਬਸਤੀਵਾਦ ਵਿਰੁੱਧ ਵੀਅਤਨਾਮੀਆਂ ਦਾ ਸੰਘਰਸ਼ ਬਹੁਤ ਜ਼ਿਆਦਾ ਮਹੱਤਵਪੂਰਨ ਹੈ। ਅਤੇ ਮੇਰਾ ਧਿਆਨ ਉਸ ਵੱਲ ਹੋਇਆ। ਹਿੰਦੁਸਤਾਨ ਵਿੱਚ ਗੋਪਾਲਨ ਅਤੇ ਸੁੰਦਰੀਆ, ਡਾਂਗੇ ਕਾਫੀ ਵਧੀਆ ਪਾਰਲੀਮੈਂਟੇਰੀਅਨ ਸਨ। ਨੰਬੂਦਰੀਪਾਦ। ਮੈਂ ਉਸ ਨੂੰ ਨਿੱਜੀ ਤੌਰ 'ਤੇ ਮਿਲਿਆ ਸੀ। ਮੇਰਾ ਖਿਆਲ ਹੈ ਕਿ ਮੈਂ ਜਲੰਧਰ ਦੇ ਰੇਲਵੇ ਸਟੇਸ਼ਨ 'ਤੇ ਉਸ ਦਾ ਸਵਾਗਤ ਕਰਨ ਵਾਲਿਆਂ ਵਿੱਚੋਂ ਇਕ ਸੀ। ਡਾ: ਸੈਫੂਦੀਨ ਕਿਚਲੂ, ਅਮਨ ਲਹਿਰ ਦਾ ਮਸ਼ਹੂਰ ਕਾਰਕੁੰਨ ਸੀ, ਅਜ਼ਾਦੀ ਦੀ ਲੜਾਈ ਦਾ ਹੀਰੋ।

ਉਸ ਸਮੇਂ ਦੇ ਕੁਝ ਹੋਰ ਲੋਕਾਂ ਵਿੱਚ ਸ਼ਾਮਲ ਸੀ ਨਰਿੰਦਰ ਸ਼ਰਮਾ। ਅਸੀਂ ਜਲੰਧਰ ਵਿੱਚ ਇਕੱਠੇ ਕੰਮ ਕਰਦੇ ਸੀ ਜਦੋਂ ਮੈਂ ਥੋੜ੍ਹਾ ਚਿਰ ਲਈ ਪਾਰਟੀ ਦੇ ਹੋਲਟਾਇਮਰ ਵੱਜੋਂ ਕੰਮ ਕੀਤਾ। ਬਹੁਤ ਵਧੀਆ ਬੰਦਾ ਸੀ। ਹੁਣ ਵੀ ਮੈਂ ਜਦੋਂ ਵੀ ਜਾਵਾਂ ਮੈਂ ਉਸ ਨੂੰ ਦਿੱਲੀ ਵਿੱਚ ਮਿਲਦਾ ਹਾਂ। ਦਰਸ਼ਨ ਸਿੰਘ ਕੈਨੇਡੀਅਨ ਬਹੁਤ ਪ੍ਰਤਿਭਾਵਾਨ ਸੀ। ਮੇਰੀ ਸ਼ਾਇਦ ਸਦਾ ਹੀ ਸਿਆਸਤ ਵਿੱਚ ਜ਼ਿਆਦਾ ਬੌਧਿਕ ਤਰ੍ਹਾਂ ਦੀ ਰੁਚੀ ਰਹੀ ਹੈ, ਅਤੇ ਸਾਡੇ ਵਿੱਚੋਂ ਜਿਹੜੇ ਲੋਕ ਇਸ ਤਰ੍ਹਾਂ ਦੀ ਰੁਚੀ ਰੱਖਦੇ ਸੀ, ਉਨ੍ਹਾਂ ਨੂੰ ਦਰਸ਼ਨ (ਕੈਨੇਡੀਅਨ) ਅਪੀਲ ਕਰਦਾ ਸੀ। ਉਹ ਬਹੁਤ ਵਧੀਆ ਸ਼ਖਸੀਅਤ ਸੀ। ਸੱਤਪਾਲ ਡਾਂਗ ਦੀ ਵੀ ਮੇਰੇ ਮਨ ਵਿੱਚ ਹਮੇਸ਼ਾਂ ਬਹੁਤ ਇੱਜ਼ਤ ਰਹੀ ਹੈ। ਸੁਰਜੀਤ (*ਸ਼ਾਇਦ ਉਹ ਹਰਕਿਸ਼ਨ ਸਿੰਘ ਸੁਰਜੀਤ ਦੀ ਗੱਲ ਕਰ ਰਹੇ ਹਨ-ਮੁਲਾਕਾਤੀ*), ਮੈਂ ਉਸ ਨੂੰ ਜਾਣਦਾ ਸੀ, ਪਰ ਮੈਂ ਉਸ ਦੇ ਕਦੇ ਵੀ ਨੇੜੇ ਨਹੀਂ ਰਿਹਾ। ਮੇਰਾ ਬਾਪ ਸੀ ਪੀ ਐੱਮ ਦਾ ਸਮਰਥਕ ਸੀ ਅਤੇ ਜਦੋਂ ਪਾਰਟੀ ਵਿੱਚ ਦੁਫਾੜ ਪਿਆ, ਉਸ ਸਮੇਂ ਮੈਂ ਪਹਿਲਾਂ ਹੀ ਏਧਰ ਆ ਚੁੱਕਾ ਸੀ। ਇਹ ਗੱਲ 1965 ਜਾਂ 1966 ਵਿੱਚ ਵਾਪਰੀ। ਸੁਰਜੀਤ ਨੂੰ ਪਾਰਟੀ ਦੇ ਦਫਤਰ ਤੋਂ ਜਾਣਦਾ ਸੀ, ਜਿਹੜਾ ਉਸ ਵੇਲੇ ਜਲੰਧਰ ਵਿੱਚ ਹੁੰਦਾ ਸੀ, ਅਤੇ ਅਸੀਂ ਹਮੇਸ਼ਾਂ ਆਉਂਦੇ ਜਾਂਦੇ ਰਹਿੰਦੇ ਸੀ। ਦੁਫਾੜ ਤੋਂ ਬਾਅਦ ਮੈਂ ਜਦੋਂ ਵੀ ਵਾਪਸ ਜਾਂਦਾ ਤਾਂ ਉਸ ਨੂੰ ਇਕ ਅੱਧ ਵਾਰ ਮਿਲਦਾ।

ਵਿਦੇਸ਼ੀ ਲੀਡਰਾਂ ਵਿੱਚੋਂ ਨੈਲਸਨ ਮੰਡੇਲੇ ਨੇ ਮੈਨੂੰ ਹਮੇਸ਼ਾਂ ਅਪੀਲ ਕੀਤਾ ਹੈ। ਉਸ ਦੀ ਬਹੁਤ ਮੁਸ਼ਕਿਲਾਂ ਭਰੀ ਜ਼ਿੰਦਗੀ ਅਤੇ ਸਖਤ ਕੰਮ ਨੇ ਹਮੇਸ਼ਾਂ ਮੇਰਾ ਧਿਆਨ ਖਿੱਚਿਆ ਹੈ। ਜਦੋਂ ਮੈਂ ਇੱਥੇ ਪੜ੍ਹਾਉਣਾ ਸ਼ੁਰੂ ਕੀਤਾ, ਤਾਂ ਤੀਜੀ ਦੁਨੀਆ ਦੇ ਵਿਕਾਸ ਬਾਰੇ ਪੜ੍ਹਾਉਣ ਦੌਰਾਨ ਮੈਂ ਤੀਜੀ ਦੁਨੀਆ ਦੇ ਹੋਰ ਲੀਡਰਾਂ ਜਿਵੇਂ ਤਨਜ਼ਾਨੀਆ ਦੇ ਜੂਲੀਅਸ ਨਾਇਰਿਅਰ ਦੇ ਕੰਮ ਤੋਂ ਜਾਣੂ ਹੋਇਆ। ਮੈਨੂੰ ਉਹ ਬਹੁਤ ਹੀ ਅਕਰਸ਼ਕ ਸ਼ਖਸੀਅਤ ਲੱਗਦਾ ਸੀ। ਘਾਨਾ ਦਾ ਨੇਤਾ ਨਕ੍ਰਮਾਹ, ਉਹਦੇ ਬਸਤੀਵਾਦੀ ਅਤੇ ਸਾਮਰਾਜ ਵਿਰੋਧੀ ਵਿਚਾਰਾਂ ਤੋਂ ਚੰਗਾ ਲੱਗਦਾ ਸੀ। ਉਸ ਨੇ ਨਵ-ਬਸਤੀਵਾਦ ਬਾਰੇ ਇਕ ਜਾਂ ਦੋ ਕਿਤਾਬਾਂ ਵੀ ਲਿਖੀਆਂ ਸਨ। ਮੇਰੇ ਲਈ ਉਹ ਬਹੁਤ ਹੀ ਉਤਸੁਕਤਾ ਜਗਾਉਣ ਵਾਲੀ ਸ਼ਖਸੀਅਤ ਸੀ। ਬਿਨਾਂ ਸ਼ੱਕ ਕਾਸਟਰੋ, ਉਹ ਅਜੇ ਵੀ ਮੇਰੀ ਕਲਪਨਾ ਵਿੱਚ ਥੋੜ੍ਹਾ ਜਿਹਾ ਜੋਸ਼ ਭਰ ਦਿੰਦਾ ਹੈ।

ਇੱਥੇ ਜਿਵੇਂ ਮੈਂ ਤੁਹਾਨੂੰ ਦੱਸਿਆ ਡਗਲਸ (ਟੌਮੀ ਡਗਲਸ) ਇਕ ਬਹੁਤ ਹੀ ਵਧੀਆ ਨੇਤਾ ਸੀ ਅਤੇ ਉਸ ਨੇ ਮੈਨੂੰ ਪ੍ਰਭਾਵਿਤ ਕੀਤਾ ਸੀ। ਪਰ ਜਦੋਂ ਤੁਸੀਂ ਇਕ ਅਕਾਦਮਿਕ ਬਣ ਜਾਂਦੇ ਹੋ, ਤਾਂ ਮੇਰਾ ਖਿਆਲ ਹੈ ਕਿ ਤੁਸੀਂ ਇਹਨਾਂ ਲੋਕਾਂ ਬਾਰੇ ਵੱਖਰੀ ਤਰ੍ਹਾਂ ਦੇਖਣ ਲੱਗਦੇ ਹੋ। ਬਹੁਤੀ ਵਾਰ ਸਿਰਫ ਪ੍ਰੇਰਨਾ ਦਾ ਸ੍ਰੋਤ ਬਣੇ ਰਹਿਣ ਦੀ ਥਾਂ ਉਹ ਤੁਹਾਡੇ ਵਿਸ਼ਲੇਸ਼ਣ ਦੀ ਸਮੱਗਰੀ ਬਣ ਜਾਂਦੇ ਹਨ ਅਤੇ ਤੁਹਾਡਾ ਉਨ੍ਹਾਂ ਬਾਰੇ ਇਕ ਵੱਖਰਾ ਨਜ਼ਰੀਆ ਬਣ ਜਾਂਦਾ ਹੈ।

ਸਵਾਲ: ਕੈਨੇਡਾ ਵਿੱਚ ਤੁਹਾਡੇ ਲਈ ਕੀ ਮਹੱਤਵਪੂਰਨ ਹੈ?

ਜਵਾਬ: ਮੇਰਾ ਖਿਆਲ ਹੈ ਕਿ ਸਿਆਸਤ ਵਿੱਚ ਜਿਹੜੀ ਗੱਲ ਖਤਰਨਾਕ ਹੈ, ਉਹ ਹੈ ਸੱਜੇ ਪੱਖੀਆਂ ਦੀ ਹੋਂਦ ਦਾ ਲਗਾਤਾਰ ਕਾਇਮ ਰਹਿਣਾ, ਅਤੇ ਨਵੇਂ ਸੱਜੇ-ਪੱਖੀਆਂ ਦੀ ਹੋਂਦ ਅਤੇ ਸਰਗਰਮੀਆਂ ਦਾ ਲਗਾਤਾਰ ਕਾਇਮ ਰਹਿਣਾ। ਇਹਨਾਂ ਵੱਲੋਂ,

ਰੀਫਾਰਮ ਪਾਰਟੀ ਦੇ ਕਾਰਕੁੰਨਾਂ ਵੱਲੋਂ ਸ਼ੁਰੂ ਕੀਤੀ ਸਿਆਸਤ ਨੂੰ ਦੁਬਾਰਾ ਖੜ੍ਹੀ ਕਰਨ ਦੇ ਯਤਨ ਮੇਰੇ ਲਈ ਲਗਾਤਾਰ ਫਿਕਰ ਦਾ ਕਾਰਨ ਹਨ।

ਅੰਤਰਰਾਸ਼ਟਰੀ ਪੱਧਰ 'ਤੇ ਜੀ-7 ਗਰੁੱਪ ਦੇ ਰੂਪ ਵਿੱਚ ਨਵ-ਬਸਤੀਵਾਦ ਨੂੰ ਪੱਕਾ ਕਰਨ ਦੇ ਯਤਨਾਂ ਵਿੱਚ ਕੈਨੇਡਾ ਜਿਹੜਾ ਰੋਲ ਨਿਭਾ ਰਿਹਾ ਹੈ, ਉਸ ਦਾ ਮੈਨੂੰ ਬਹੁਤ ਫਿਕਰ ਹੈ। ਮੇਰਾ ਖਿਆਲ ਹੈ ਕਿ ਇਹ ਅਜਿਹੀ ਤਾਕਤ ਹੈ ਜੋ ਗਲੋਬਲ ਪੱਧਰ 'ਤੇ ਇਕ ਨਵੀਂ ਤਰ੍ਹਾਂ ਦਾ ਅਰਧ-ਬਸਤੀਵਾਦੀ ਢਾਂਚਾ ਉਸਾਰ ਸਕਦੀ ਹੈ, ਅਤੇ ਇਸ ਵਿੱਚ ਕੈਨੇਡਾ ਵੱਲੋਂ ਨਿਭਾਏ ਜਾ ਰਹੇ ਰੋਲ ਬਾਰੇ ਮੇਰੇ ਮਨ ਵਿੱਚ ਚਿੰਤਾ ਹੈ। ਲਿਬਰਲ ਅਤੇ ਟੋਰੀਆਂ ਅਤੇ ਨਵੀਂ ਸੱਜੇ ਪੱਖੀ ਰਿਫਾਰਮ ਪਾਰਟੀ ਦੇ ਗਲੋਬਲਾਈਜੇਸ਼ਨ ਦੇ ਅਜੰਡੇ ਬਾਰੇ ਮੈਨੂੰ ਚਿੰਤਾ ਹੈ। ਇਹ ਤਿੰਨੇ ਪਾਰਟੀਆਂ, ਥੋੜ੍ਹੇ ਬਹੁਤ ਫਰਕ ਨਾਲ ਇਸ ਗਲੋਬਲਾਈਜੇਸ਼ਨ ਅਜੰਡੇ ਨਾਲ ਸਹਿਮਤ ਹਨ। ਗਲੋਬਲਾਈਜੇਸ਼ਨ ਕੋਈ ਕੁਦਰਤੀ ਵਰਤਾਰਾ ਨਹੀਂ ਹੈ। ਇਹ ਕੋਈ ਅਜਿਹੀ ਚੀਜ਼ ਨਹੀਂ ਹੈ ਕਿ ਸਾਨੂੰ ਇਸ ਨੂੰ ਅਪਨਾਉਣਾ ਹੀ ਪੈਣਾ ਹੈ। ਇਹ ਅਜਿਹੀ ਚੀਜ਼ ਹੈ, ਜਿਸ ਨੂੰ ਜਾਂ ਅਸੀਂ ਉਤਸ਼ਾਹਿਤ ਕਰ ਸਕਦੇ ਹਾਂ ਜਾਂ ਜਿਸ ਵਿਰੁੱਧ ਅਸੀਂ ਲੜ ਸਕਦੇ ਹਾਂ। ਕੈਨੇਡਾ ਵਿੱਚ ਇਸ ਵਿਰੁੱਧ ਲੜਨ ਦੀ ਸਿਆਸੀ ਇੱਛਾ ਦੀ ਘਾਟ, ਘੱਟੋ ਘੱਟ ਇਨ੍ਹਾਂ ਤਿੰਨ ਵੱਡੀਆਂ ਪਾਰਟੀਆਂ - ਲਿਬਰਲ, ਟੋਰੀ ਅਤੇ ਰਿਫਾਰਮ- ਵਿੱਚ ਇਸ ਇੱਛਾ ਦੀ ਘਾਟ, ਮੈਨੂੰ ਫਿਕਰਮੰਦ ਕਰਦੀ ਹੈ। ਇਹਨਾਂ ਪਾਰਟੀਆਂ ਵਿੱਚ ਇਸ ਵਿਰੁੱਧ ਲੜਨ ਦੀ ਇੱਛਾ ਦੀ ਘਾਟ ਹੀ ਨਹੀਂ, ਸਗੋਂ ਇਸ ਨੂੰ ਉਤਸ਼ਾਹਿਤ ਕਰਨ ਦੀ ਇੱਛਾ ਮੈਨੂੰ ਫਿਕਰਮੰਦ ਕਰਦੀ ਹੈ। ਸੋ ਇਸ ਤਰ੍ਹਾਂ ਅਲਬਰਟਾ ਦੀ ਸਿਆਸਤ, ਮੇਰੇ ਖਿਆਲ ਵਿੱਚ, ਇਸ ਗਲੋਬਲਾਈਜੇਸ਼ਨ ਦੇ ਅਜੰਡੇ ਨਾਲ ਜੁੜੀ ਹੋਈ ਹੈ। ਤੁਸੀਂ ਇਕ ਨੂੰ ਦੂਜੇ ਤੋਂ ਵੱਖ ਕਰਕੇ ਨਹੀਂ ਦੇਖ ਸਕਦੇ। ਉਹ ਦੋਵੇਂ ਰੁਝਾਨ ਇਕ ਦੂਜੇ ਨੂੰ ਸਥਾਪਤ ਕਰਨ ਵਿੱਚ ਹਿੱਸਾ ਪਾ ਰਹੇ ਹਨ।

ਇਸ ਤਰ੍ਹਾਂ ਕੈਨੇਡਾ ਵਿੱਚ ਮੇਰੇ ਸਮੁੱਚੇ ਸਰੋਕਾਰ ਇਹ ਹਨ। ਪਰ ਮੇਰੇ ਖਿਆਲ ਵਿੱਚ ਜਿਸ ਤਰ੍ਹਾਂ ਸਾਰੀ ਦੁਨੀਆ ਅਤੇ ਸੱਤਾ ਦੇ ਢਾਂਚਿਆਂ ਦਾ ਦੁਬਾਰਾ ਪੁਨਰਗਠਨ ਕੀਤਾ ਜਾ ਰਿਹਾ ਹੈ, ਉਹ ਇਸ ਵੇਲੇ ਠੀਕ ਨਹੀਂ ਹੋ ਰਿਹਾ। ਜਿਸ ਦਿਸ਼ਾ ਨੂੰ ਉਹ ਜਾ ਰਹੇ ਹਨ, ਉਹ ਚਿੰਤਾ ਵਾਲੀ ਗੱਲ ਹੈ ਅਤੇ ਸਾਨੂੰ ਉਨ੍ਹਾਂ ਦਾ ਕਾਮਯਾਬੀ ਨਾਲ ਵਿਰੋਧ ਕਰਨ ਲਈ ਜਥੇਬੰਦ ਹੋਣਾ ਚਾਹੀਦਾ ਹੈ। ਪਿਛਲੇ 10-15 ਸਾਲਾਂ ਤੋਂ ਮੇਰਾ ਇਹ ਫਿਕਰ ਹੈ ਅਤੇ ਜਦੋਂ ਦਾ ਮੈਂ ਸਿਆਸਤ ਵਿੱਚ ਦਾਖਲ ਹੋਇਆ ਹਾਂ, ਇਹ ਫਿਕਰ ਹੋਰ ਡੂੰਘਾ ਹੋ ਗਿਆ ਹੈ।

ਸਵਾਲ: ਕੋਈ ਅਜਿਹੀ ਗੱਲ ਜਿਹੜੀ ਮੈਂ ਨਾ ਪੁੱਛੀ ਹੋਵੇ ਅਤੇ ਤੁਸੀਂ ਦੱਸਣੀ ਚਾਹੁੰਦੇ ਹੋਵੋ?

ਜਵਾਬ: ਨਹੀਂ। ਮੇਰਾ ਖਿਆਲ ਹੈ ਕਿ ਸਾਨੂੰ ਖੱਬੇ ਪੱਖੀਆਂ ਨੂੰ ਜਿਹੜਾ ਸਵਾਲ ਪੁੱਛਣਾ ਚਾਹੀਦਾ ਹੈ, ਉਹ ਇਹ ਹੈ: "ਖੱਬੇ ਪੱਖੀ ਹੋਣ ਦਾ ਕੀ ਮਤਲਬ ਹੈ? ਖੱਬੇ ਪੱਖ ਦੇ ਭਵਿੱਖ ਵਿੱਚ ਕੀ ਕੁੱਝ ਬੱਚਿਆ ਹੈ? ਕੀ ਖੱਬੇ ਪੱਖ ਦਾ ਕੋਈ ਭਵਿੱਖ ਹੈ?" ਇਹ ਸਵਾਲ ਹੈ, ਜਿਹੜਾ ਮੈਨੂੰ ਤੰਗ ਕਰਦਾ ਰਹਿੰਦਾ ਹੈ। ਸ਼ੋਸਲ ਡੈਮੋਕਰੈਟਿਕ ਖੱਬਾ ਪੱਖ, ਜਿਹਦੇ ਨਾਲ ਮੈਂ ਆਪਣੇ ਆਪ ਨੂੰ ਜੋੜਿਆ ਹੈ, ਉਹ ਇਸ ਸਦੀ ਦੇ ਕੇਅਨਜ਼ਵਾਦ ਵਿੱਚੋਂ ਪੈਦਾ ਹੋਇਆ ਹੈ, ਕੇਅਨਜ਼ਵਾਦ ਦੀ ਚੜ੍ਹਤ ਅਤੇ ਉਸ ਵਿੱਚੋਂ ਨਿਕਲਿਆ ਸਰਕਾਰ ਚਲਾਉਣ ਦਾ ਢੰਗ। ਕੇਅਨਜ਼ਵਾਦ ਆਪਣੀ ਕਾਰਗਰਤਾ, ਸਿਆਸਤ ਦੇ ਸੰਦ ਵੱਜੋਂ ਆਪਣੀ ਵਰਤੋਂ, ਅਤੇ ਸਿਆਸਤ ਨੂੰ ਸਮਝਣ ਦੇ ਚੌਖਟੇ ਵੱਜੋਂ ਆਪਣੀ ਮਹੱਤਤਾ ਗਵਾ ਚੁੱਕਾ ਹੈ।

ਇਸ ਤੋਂ ਅਗਾਂਹ ਕੀ ਹੈ? ਪੂੰਜੀਵਾਦ ਨੇ 1980ਵਿਆਂ ਅਤੇ 1990ਵਿਆਂ ਦੀਆਂ ਬਦਲੀਆਂ ਸਥਿਤੀਆਂ ਵਿੱਚ ਆਪਣੇ ਆਪ ਨੂੰ ਪੁਨਰਸ਼ਕਤੀਸ਼ਾਲੀ ਬਣਾ ਲਿਆ ਹੈ, ਕਿਉਂਕਿ ਇਸ ਦੀ ਹੋਂਦ ਨੂੰ ਅੰਤਰਾਸ਼ਟਰੀ ਤੌਰ ਤੇ ਕਿਸੇ ਸਟੇਟ ਤੋਂ ਖਤਰਾ ਨਹੀਂ ਰਿਹਾ। ਜਿਹੜਾ ਖਤਰਾ ਇਸ ਨੂੰ ਸੋਵੀਅਤ ਯੂਨੀਅਨ ਅਤੇ ਉਸ ਦੇ ਮਿੱਤਰ ਰਾਸ਼ਟਰਾਂ ਤੋਂ ਸੀ ਉਹ ਖਤਮ ਹੋ ਗਿਆ ਹੈ। ਇਸ ਲਈ ਇਹ ਇਸ ਸਮੇਂ ਆਪਣੇ ਆਪ ਨੂੰ ਆਜ਼ਾਦ ਸਮਝਦਾ ਹੈ। ਖੱਬੇ ਪੱਖ ਕੋਲ ਇਸ ਦਾ ਕੋਈ ਬਦਲ ਨਹੀਂ ਹੈ, ਜਿਸ ਬਾਰੇ ਅਸੀਂ ਗੱਲ ਕਰ ਸਕੀਏ। ਜਦੋਂ ਇਹ (ਖੱਬੇ ਪੱਖੀ) 1970ਵਿਆਂ ਦੀ ਗੱਲ ਕਰਦੇ ਹਨ ਤਾਂ ਉਹ ਭੂਤ ਵੱਲ ਦੇਖ ਰਹੇ ਹੁੰਦੇ ਹਨ। ਇਹ ਉਸ ਚੀਜ਼ ਦੀ ਗੱਲ ਕਰਦੇ ਹਨ ਜੋ ਆਪਣੀ ਸਾਖ ਗਵਾ ਚੁੱਕੀ ਹੈ। 1970ਵਿਆਂ ਅਤੇ 1980ਵਿਆਂ ਵਿੱਚ ਖੱਬੇਪੱਖੀ ਖੁਦ ਇਸ ਦੇ ਵਿਰੁੱਧ ਸਨ। 1970ਵਿਆਂ ਅਤੇ 1980ਵਿਆਂ ਵਿੱਚ ਅਸੀਂ ਕੇਅਨਜ਼ਵਾਦ ਦੇ ਵੱਡੇ ਆਲੋਚਕ ਸੀ। ਹੁਣ ਅਸੀਂ ਇਸ ਤੋਂ ਅਗਾਂਹ ਕਿੱਥੇ ਜਾਈਏ? ਇਸ ਤਰ੍ਹਾਂ ਖੱਬੇ-ਪੱਖ ਸੰਕਟ ਵਿੱਚ ਹੈ। ਇਹ ਅਜਿਹੀ ਚੀਜ਼ ਹੈ, ਜਿਸ ਬਾਰੇ ਅਸੀਂ ਕੋਈ ਗੱਲ ਨਹੀਂ ਕੀਤੀ, ਅਤੇ ਇਹ ਕਿਸ ਤਰ੍ਹਾਂ ਦਾ ਰੂਪ ਲਵੇਗਾ, ਉਹ ਇਕ ਵੱਖਰੀ ਗੱਲ ਹੈ। ਸਮਾਜਵਾਦ। ਜੇ ਪੂੰਜੀਵਾਦ ਸੰਕਟ ਵਿੱਚ ਹੈ ਅਤੇ ਆਪਣੇ ਸੰਕਟ ਦੇ ਰੁਝਾਨ ਵੱਧ ਤੋਂ ਵੱਧ ਬੁਰੀ ਤਰ੍ਹਾਂ ਦਿਖਾ ਰਿਹਾ ਹੈ। ਜੇ ਅਰਬਾਂ ਲੋਕਾਂ ਨੇ ਸੜਕਾਂ 'ਤੇ ਆ ਜਾਣਾ ਹੈ, ਭੁੱਖ ਅਤੇ ਨਿਰਾਸਤਾ ਦਾ ਸਾਹਮਣਾ ਕਰਨਾ ਹੈ, ਤਾਂ ਸਾਨੂੰ ਕਿਸੇ ਬਦਲ ਬਾਰੇ ਸੋਚਣ ਦੀ ਲੋੜ ਹੈ। ਕੋਈ ਨਾ ਕੋਈ ਬਦਲ ਜ਼ਰੂਰ ਹੋਵੇਗਾ, ਪਰ ਬਦਲ ਕੀ ਹੈ? ਇਹ ਕਿਸ ਤਰ੍ਹਾਂ ਦਾ ਰੂਪ ਲਵੇਗਾ?

ਇਸ ਲਈ ਸਾਨੂੰ ਪੂੰਜੀਵਾਦ ਦੇ ਖੱਬੇ ਪੱਖੀ ਬਦਲ ਦੀ ਨਿਸ਼ਾਨਦੇਹੀ ਕਰਨੀ ਪਵੇਗੀ। ਜੇ ਇਸ ਨੂੰ ਸਮਾਜਵਾਦ ਕਿਹਾ ਜਾਵੇਗਾ ਤਾਂ ਇਸ ਦਾ ਅਸਲ ਮਤਲਬ ਕੀ ਹੋਵੇਗਾ? ਅਤੇ ਖੱਬੇ-ਪੱਖ ਇਹ ਬੁਨਿਆਦੀ ਸਵਾਲ ਨਹੀਂ ਪੁੱਛ ਰਿਹਾ। ਅਗਲੀ ਸਦੀ ਵਿੱਚ, ਅਗਲੇ 10-15 ਸਾਲਾਂ ਵਿੱਚ ਇਸ ਦਾ ਕੀ ਅਰਥ ਹੋਵੇਗਾ ਤਾਂ ਕਿ ਅਸੀਂ ਇਸ ਨੂੰ ਸਾਖ ਗਵਾ ਚੁੱਕੇ ਗਲੋਬਲ ਪੂੰਜੀਵਾਦ ਦੇ ਬਦਲ ਵੱਜੋਂ ਪੇਸ਼ ਕਰ ਸਕੀਏ? ਅਤੇ ਸਾਡੇ ਕੋਲ ਇਹ ਨਹੀਂ ਹੈ ਅਤੇ ਇਕ ਖੱਬੇ ਪੱਖੀ ਬੁੱਧੀਜੀਵੀ ਵੱਜੋਂ, ਇਕ ਖੱਬੇ ਪੱਖੀ ਸਿਆਸੀ ਵਿਅਕਤੀ ਵੱਜੋ, ਇਸ ਸਮੇਂ ਇਹ ਮੇਰਾ ਸਭ ਤੋਂ ਵੱਡਾ ਫਿਕਰ ਹੈ।